ALL STAR DRIVING SCHOOL
$10.00 ਪੰਜਾਬੀ ਗਾਈਡ ਇਥੇ ਮਿਲਦੀ ਹੈ
ਬੀਬੀਆਂ ਅਤੇ ਭੈਣਾਂ ਲਈ ਲੇਡੀ ਇੰਸਟਰਕਟਰ
KNOWLEDGE & DRIVING TESTS DONE HERE
24620 MILITARY RD S, KENT, WA 98032
Ph: 253-852-1996
WA STATE APPROVED SINCE 2004 www.allstardrivingschool.info

KALER TAX AND ACCOUNT LLC
Harjinder S. Kaler 206.551.6666
Personal And Business Tax Filling, 1099, W2 Immigration, Passport, Visa And Petition, Business Start, Obama Health Care Broker And All Other Applications Services
10618 SE 240 ST, SUITE 204, KENT, WA 98031 kalertax@gmail.com

ACCURATE ACCOUNTS AND TAXES
Contact For Business Accounting
Payroll
Tax Filling
Book Keeping
Other Paper Work
Immigration Consultancy
New Business Setup
Services
MOHINDER S. SOHAL
Cell: 206-841-1431
Buss: 253-520-8886
Email:mssohal@yahoo.com



ਕਨੇਡਾ ਅਤੇ ਅਮਰੀਕਾ ਵਿਚ ਸਭ ਤੋਂ ਵੱਧ ਪੜਿਆ ਜਾਣ ਵਾਲਾ ਹਰਮਨ ਪਿਆਰਾ ਪੰਜਾਬੀ ਹਫਤਾਵਾਰੀ ਅਖ਼ਬਾਰ

# ਪੰਜਾਬ ਗਾਰਡੀਅਨ
# PUNJAB GUARDIAN

ਆਓ ਪੰਜਾਬੀ ਮਾਂ ਬੋਲੀ ਦਾ ਮਾਣ ਵਧਾਈਏ

B.C Greater Vancouver, Fraser Valley, Victoria,Nanaimo Prince George, Kelowna, Kamloops, Oliver, Squamish
ALBERTA Edmonton Calgary
USA Greater Seattle, Everett, Marysville Portland, Bellingham, Belivue, Lyndon, Lynwood
sales@punjabguardian.com
www.punjabguardian.com

Tel: 604-590-5200 Fax:604-596-5700 Toll Free: 1-877-584-5200 Vol. 32, Issue No. 48, Ending Date:Nov 28, 2025



LOAN FACTORY
COMMERCIAL AND RESIDENTIAL LOANS
30Yr Fixed/Arm
SBA Loans
Bank Statement
Profit and Loss only
Construction Loans
Line of Credit
Jasdeep Singh
Loan Officer | NMLS 1900093
Cell: 253-223-3717


# ਪੰਜਾਬ ਨੂੰ ਵੱਡਾ ਭਰਾ ਕਹਿ ਕੇ ਸਾਰੇ ਸਾਨੂੰ ਉਜਾੜਨ ਵਿੱਚ ਲੱਗੇ:ਮਾਨ

ਚੰਡੀਗੜ੍ਹ, (ਰਾਜ ਕੁਮਾਰ ਵਰਮਾ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਨੌਰਥ ਜ਼ੋਨਲ ਕੌਂਸਲ ਦੀ ਮੀਟਿੰਗ ਤੋਂ ਬਾਅਦ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਕਈ ਅਹਿਮ ਖੁਲਾਸੇ ਕੀਤੇ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਇਸ ਮੀਟਿੰਗ ਵਿਚ ਵੱਖ-ਵੱਖ ਸੂਬਿਆਂ ਨੇ ਅੰਤਰ-ਰਾਜੀ ਵਿਵਾਦਾਂ 'ਤੇ ਆਪੋ-ਆਪਣੇ ਪੱਖ ਪੇਸ਼ ਕੀਤੇ, ਜਦਕਿ ਮੈਂ ਆਪਣੇ ਸੂਬੇ ਦੇ ਮੁੱਦੇ ਉਹਨਾਂ ਸਾਹਮਣੇ ਰੱਖੇ।



ਇਸ ਮੌਕੇ ਪੰਜਾਬ ਦੇ ਪਾਣੀਆਂ ਦਾ ਮੁੱਦਾ ਚੁੱਕਿਆ ਗਿਆ। ਮੈਂ ਗ੍ਰਹਿ ਮੰਤਰੀ ਨੂੰ ਕਿਹਾ ਕਿ ਜਿਹੜਾ ਵੀ ਆਉਂਦਾ ਪੰਜਾਬ ਸਾਨੂੰ ਇਹ ਦੇਵੇ, ਪੰਜਾਬ ਸਾਨੂੰ ਉਹ ਦੇਵੇ। ਸਾਰੇ ਪੰਜਾਬ ਨੂੰ ਚੂੰਡਣ ਲਗੇ ਹੋਏ ਹਨ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਕੋਈ ਕਹਿੰਦਾ ਸਾਨੂੰ ਹੈੱਡ ਵਰਕਸ ਦਾ ਕੰਟਰੋਲ ਦੇ ਦਿਓ, ਕੋਈ ਕਹਿੰਦਾ ਸਾਨੂੰ ਐਸ.ਵਾਈ.ਐਲ.ਦੇ ਦਿਓ, ਕੋਈ ਚੰਡੀਗੜ੍ਹ ਮੰਗ ਰਿਹਾ, ਕੋਈ ਬਿਜਲੀ ਵਿਚੋਂ ਹਿੱਸਾ ਦਿਓ।

ਚੰਡੀਗੜ੍ਹ ਕਹਿੰਦਾ ਯੂਨੀਵਰਸਿਟੀ ਸਾਨੂੰ ਦੇ ਦਿਓ, ਸੈਂਟਰ ਕਹਿੰਦਾ ਬੀ.ਬੀ.ਐਮ.ਬੀ. ਦੇ ਦਿਓ। ਉਹਨਾਂ ਕਿਹਾ ਕਿ ਜਦੋਂ ਅਸੀਂ ਕੁਝ ਕਹਿੰਦੇ ਹਾਂ ਕਿ ਸਾਨੂੰ ਕੁਝ ਦੇ ਦਿਓ, 1600 ਕਰੋੜ ਰੁਪਏ ਦੇ ਦਿਓ ਤਾਂ ਉਹ ਤੁਸੀਂ ਸਾਨੂੰ ਦਿੱਤਾ ਨਹੀਂ। ਜਿਹੜਾ ਆਉਂਦਾ ਉਹ ਇਹੀ ਕਹਿੰਦਾ ਪੰਜਾਬ ਸਾਡਾ ਵੱਡਾ ਭਰਾ ਹੈ...!

ਮੁੱਖ ਮੰਤਰੀ ਮਾਨ ਨੇ ਕਿਹਾ ਕਿ ਵੱਡੇ ਭਰਾ ਤੋਂ ਲੈਂਦੇ ਹੋਏ ਵੱਡੇ ਨੂੰ ਉਜਾੜ ਨਾ ਦੇਣਾ। ਪਤਾ ਲੱਗੇ ਕਿ ਛੋਟੇ ਭਰਾ ਵੱਸ ਗਏ ਅਤੇ ਵੱਡਾ ਉਜੜ ਗਿਆ।

# ਮੋਸਟ ਵਾਂਟੇਡ ਜਾਂ ਹੀਰੋ?



ਚੰਡੀਗੜ੍ਹ: (ਕਰਮਜੀਤ ਸਿੰਘ ਚੰਡੀਗੜ੍ਹ ਸੀਨੀਅਰ ਪੱਤਰਕਾਰ) ਮਾਓਵਾਦੀ ਫੋਰਸਾਂ ਦਾ ਇੱਕ ਵੱਡਾ ਯੋਧਾ,ਗੁਰੀਲਾ ਜੰਗ ਦਾ ਰਣਨੀਤਕ ਮਾਹਰ ਅਤੇ ਬਸਤਰ ਦੇ ਜੰਗਲਾਂ ਦਾ ਹਰਮਨ ਪਿਆਰਾ ਜਰਨੈਲ ਮਾਦਵੀ ਹਿਡਮਾ 18 ਨਵੰਬਰ ਨੂੰ ਅੰਮ੍ਰਿਤ ਵੇਲੇ ਸੁਰੱਖਿਆ ਬਲਾਂ ਨਾਲ ਇੱਕ ਮੁਕਾਬਲੇ ਵਿੱਚ ਮਾਰਿਆ ਗਿਆ ਹੈ। ਉਸ ਦੇ ਨਾਲ ਉਸਦੇ ਦੂਜੀ ਪਤਨੀ ਰਾਜੇ ਵੀ ਜੋ ਇੱਕ ਟੀਚਰ ਵੀ ਸੀ ਅਤੇ ਚਾਰ ਹੋਰ ਸਾਥੀ ਇਸ ਮੁਕਾਬਲੇ ਵਿੱਚ ਮਾਰੇ ਗਏ ਹਨ। ਸਰਕਾਰ ਦੀਆਂ ਨਜ਼ਰਾਂ ਵਿੱਚ ਉਹ ਖੂੰਖਾਰ, ਭਿਆਨਕ, ਨਿਰਦਈ, ਜ਼ਾਲਮ, ਕਰੂਰ ਅੱਤਿਆਚਾਰੀ, ਖਤਰਨਾਕ ਤੇ ਬੇਰਹਿਮ ਸ਼ਬਦਾਂ ਨਾਲ ਯਾਦ ਕੀਤਾ ਜਾਂਦਾ ਸੀ ਜਦਕਿ ਜਨਤਕ ਤੇ ਮਾਨਵਤਾ ਦੇ ਇਤਿਹਾਸ ਵਿੱਚ ਉਹ ਤੇ ਉਹਨਾਂ ਦੇ ਸਾਥੀ ਆਉਣ ਵਾਲੇ ਕੱਲ ਦੇ ਸ਼ਹੀਦ ਆਖੇ ਜਾਣਗੇ। ਅਸਲ ਵਿੱਚ ਹਿਡਮਾ ਦੀ ਸ਼ਖਸ਼ੀਅਤ ਬਾਰੇ ਕਿਸੇ ਨੂੰ ਵੀ ਬਹੁਤਾ ਕੁਝ ਸਹੀ ਸਹੀ ਪਤਾ ਨਹੀਂ। ਜੇ ਕੁਝ ਥੋੜਾ ਬਹੁਤਾ ਪਤਾ ਵੀ ਹੈ ਤਾਂ ਆਤਮ ਸਮਰਪਣ ਕਰਨ ਵਾਲੇ ਮਾਓਵਾਦੀਆਂ ਜਾਂ ਗ੍ਰਿਫਤਾਰ ਕੀਤੇ ਜਾਣ ਵਾਲੇ ਆਗੂਆਂ ਤੋਂ ਹੀ ਪਤਾ ਲੱਗਦਾ ਹੈ। ਉਹ ਮੀਡੀਆ ਤੋਂ ਦੂਰ ਰਹਿੰਦਾ ਸੀ ਅਤੇ ਇਹ ਹੈਰਾਨੀ ਵਾਲੀ ਗੱਲ ਹੈ ਕਿ ਜੰਗਲ ਦਾ ਏਡਾ ਵੱਡਾ ਮਾਓਵਾਦੀ ਕਮਾਂਡਰ ਅੱਜ ਤੱਕ ਕਿਸੇ ਵੀ ਪੱਤਰਕਾਰ ਨੂੰ ਨਹੀਂ ਮਿਲਿਆ। ਉਸ ਦੀ ਅਸਲ ਤਸਵੀਰ ਵੀ ਖੁਫੀਆ ਏਜੰਸੀਆਂ ਕੋਲ ਨਹੀਂ ਸੀ। ਤਿਲੰਗਾਨਾ ਦੇ ਡੀਜੀਪੀ ਸ਼ਿਵਧਰ ਰੈਡੀ ਨੇ ਇੱਕ ਅਖਬਾਰ ਨੂੰ ਦਿੱਤੀ ਵਿਸ਼ੇਸ਼ ਇੰਟਰਵਿਊ ਵਿੱਚ ਦਾਅਵਾ ਕੀਤਾ ਹੈ ਕਿ ਹਿਡਮਾ ਦੀ ਮੌਤ ਦਾ ਮਤਲਬ ਮਾਓਵਾਦੀਆਂ

(ਬਾਕੀ ਸਫਾ ਏ-14 ਤੇ)


Real Estate in Seattle Area
ਸਿਆਟਲ ਏਰੀਏ 'ਚ ਘਰ ਅਤੇ ਬਿਜ਼ਨਸ ਲੈਣ ਲਈ ਅੱਜ ਹੀ ਸੰਪਰਕ ਕਰੋ
Residential & Commercial
• Multifamily Units & Apartments
• Notary Service
For Honest, Friendly & Best Service, Call
Sarbjit Singh Saab
Realtor (MLS, CBA)
Ph: 206.255.0101
ਅਸੀਂ ਵਧੀਆ Interest Rate ਅਤੇ ਘੱਟ ਤੋਂ ਘੱਟ Closing Cost ਦੀ ਗਾਰੰਟੀ ਦਿੰਦੇ ਹਾਂ।

HOME TRUST FINANCIAL
HOME TRUST
Cell:206-391-2630
Email:harmandeep.grover@hometrustloans.com
Web:www.hometrustloans.com
#215-3rd Ave, Kirkland, WA 98033
Harmandeep Grover

John L. Scott Real Estate
Kamaljit Singh
Real Estate Broker
* Residential * Commercial
* Bank Owned / Foreclosed
* Short Sale / Pre-Foreclosure
206-802-5699
ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸ਼ੀਅਲ/ਕਮਰਸ਼ੀਅਲ ਪ੍ਰਾਪਰਟੀ ਖਰੀਦਣ ਅਤੇ ਵੇਚਣ ਲਈ ਫੋਨ ਕਰੋ
Email:ksingh@johnlscott.com www.ksingh.johnlscott.com
Kent North Office:20829-72nd Ave S, Ste800 Kent, WA 98032

ਸਿਆਟਲ ਨਿਵਾਸੀਆਂ ਦਾ ਜਾਣਿਆਂ ਪਹਿਚਾਣਿਆਂ ਤੇ ਭਰੋਸੇਮੰਦ
USA TRAVEL
24 Hr Emergency Call 206-992-2724
23609 104th Ave SE #103, Kent
Ph: 253-867-0450, 253-867-0451
1729 208th St Suite #202, Bothell
Ph: 425-420-1888, 425-420-1889

ਖ਼ੁਸ਼ਖਬਰੀ! ਖ਼ੁਸ਼ਖਬਰੀ! ਖ਼ੁਸ਼ਖਬਰੀ!
ਅੱਜ ਹੀ ਇਕ ਵਾਰ ਫੋਨ ਕਰੋ ਤੇ ਸਾਰੀ ਜਾਣਕਾਰੀ ਲਓ
ਤੁਹਾਡਾ ਘਰ ਲੈਣ ਦਾ ਜਾਂ ਬਿਜਨੈੱਸ ਲੈਣ ਦਾ ਸੁਪਨਾ ਅਸੀਂ ਪੂਰਾ ਕਰਾਂਗੇ
ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ :
Berkshire Hathaway HOME SERVICES
Cell:206-446-9366
Office:253-854-9400
Northwest Real Estate
25230 104th Ave. S.E. Kent, WA 98030
eFax : 253-480-3448
Gagan@BHHSNWRE.com
GaganDeep.BGGSNWRE.com
ਗਗਨ ਚੌਹਾਨ

REAL ESTATE
ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।
For Residential/Commercial
• Short Sale • Foreclosed • Bank owned
• Hotels/Motels • Gas Stations • Vacant Lands
Sakater Singh Sandhu
MCNE, CBA, MLS
Master Certified Negotiation Expert
Cell: 206-766-0551
KELLER WILLIAMS REALTY
Email: sakatersingh@yahoo.com

WEST CAPITAL LENDING
YOUR PREFFERRED LOCAL LENDER
• ਪੰਜਾਬੀ ਕਮਿਊਨਿਟੀ ਲਈ ਬੇਹਤਰ ਸੇਵਾਵਾਂ
• ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਮੱਦਦ
• ਗੈਸ ਸਟੇਸ਼ਨ, ਹੋਟਲ, ਮੋਟਲ, ਰੈਸਟੋਰੈਂਟਾਂ ਤੇ ਹੋਰ ਛੋਟੇ ਬਿਜ਼ਨਸਾਂ ਲਈ ਵੀ ਅਸੀਂ ਮੌਰਗੇਜ ਦਾ ਪ੍ਰਬੰਧ ਕਰਦੇ ਹਾਂ
Call/text (425) 239-4577
kshama@westcapitallending.com
westcapitallending.com
KESHAV SHARMA

Over 30 Years of Industry Experience
MULTANI LAW GROUP
ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ
Jashan Multani 206-243-4219
Gerald F. Robison Senior Attorney
Jashan Multani Associate Partner
Services we provide:
-Immigration/Political Asylum
U-Visa, Vawa
-SIJ Guardianship Cases
- Personal Injury/Car Accidents
- Evictions
ਅਸੀਂ ਇਹ ਸੇਵਾਵਾਂ ਪ੍ਰਦਾਨ ਕਰਦੇ ਹਾਂ
-ਇਮੀਗਰੇਸ਼ਨ/ਪੁਲਿਟੀਕਲ ਅਸਾਈਲਮ, ਯੂ-ਵੀਜ਼ਾ, ਵਾਅਵਾ
-SIJ ਗਾਰਡੀਅਨਸ਼ਿਪ ਕੇਸ
-ਕਾਰ ਐਕਸੀਡੈਂਟ/ਪ੍ਰਸਨਲ ਇਨਜਰੀ
-ਕਿਰਾਏਦਾਰ ਕੱਢਣਾ
Website:multanilawgroup.com
Email:Jashan@multanilawgroup.com
Add: 512 West Meeker St, Kent, WA 98032

FOREVER ROOFING
Licensed,Bonded & Insured
(FOREVRH874MJ)
PAWANDEEP JOSAN
Marketing Manager
Free Estimate
2062613683
Check us on
Forever Roofing
Web:Foreverroofing.net
Email:info@foreverroofing.net

HUMBLE SANDHU SERVICES
"We help you help yourself"
*Immigration *Tax *Notary
Services We Provide
•Business & Personal Tax
•Indian Visa & OCI Applications
•Health Plans
ਬਿਜਨਸ ਅਤੇ ਪਰਸਨਲ ਟੈਕਸ, ਹੈਲਥ ਪਲੈਨਜ਼, ਇੰਮੀਗਰੇਸ਼ਨ ਫਾਰਮ ਭਰਨ ਵਿਚ ਮੱਦਦ, ਇੰਡੀਅਨ ਵੀਜ਼ਾ & ਓਸੀਆਈ ਵਿਚ ਮੱਦਦ
Kent:253-338-9487
Puyallup:253-407-4723
Bellingham:360-440-5606
Email: myhumble@yahoo.com
25748-101st Ave, SE Kent WA 98030

LIFE INSURANCE | RETIREMENT PLANNING
Ø Life Insurance
Ø 529 College Saving Plan*
Ø IRA/401K Planning*
Ø Mortgage Protection
Ø Business Planning
Ø Estate Conservation
Ø Disability Insurance
Harpreet Parmar
Financial Services Professional
New York Life Insurance Company
15238 SE 272nd St Kent, WA 98042
Cell: 253-880-9968
www.harpreetparmar.com hparmar@ft.newyorklife.com

ਸਿਆਟਲ ਵਿਚ ਲਿਨਵੁਡ, ਐਵਰਟ, ਕੈਂਟ, ਮੈਰੀਸਵੈਲ, ਬੈਲੇਵਿਊ, ਰੈਡਮੰਡ, ਰੈਂਟਨ, ਪਿਆਲਪ ਦੇ ਇਲਾਕੇ ਵਿੱਚ ਰੀਅਲ ਅਸਟੇਟ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
JASMEEN KAUR
C: 425-299-2284
Bus: 425-602-4150
jasmeenkaur@cbbain.com
COLDWELL BANKER BAIN
8525 -120TH Ave. NE, #100,Kirkland, WA 98033
JASMEEN KAUR

BALBIR SINGH NIJJAR
Senior Loan Originator
Wize Mortgage
ਮੌਰਗੇਜ ਦੇ ਵਧੀਆ ਰੇਟ ਅਤੇ ਇਮਾਨਦਾਰ ਸਰਵਿਸ
RESIDENTIAL or COMMERCIAL LOANS
206-650-3700
13401-NE Bel Red Road, Suite B4, Bellevue, WA 98005
Bsingh@wisemfg.com www.wizemtg.com

Real Estate Expert
Harjinder Singh
ਸਿਆਟਲ ਏਰੀਏ ਵਿੱਚ ਘਰ ਖਰੀਦਣ ਤੇ ਵੇਚਣ ਲਈ ਕਾਲ ਕਰੋ
(206) 643-7853
Residential & Commercial
Harjinder@TheLionEstates.com
www.TheLionEstates.com
Kent, Renton, Auburn, Covington, Seattle, Everett, Lynnwood, Marysville, Bellevue, Redmond, Kirkland
CENTURY 21 Real Estate Center

Reshmi's Group
INDIAN FOOD DISTRIBUTOR

Chawla's ™


# CHAWLA'S CELEBRATION COOKIES




ਚਾਵਲਾ'ਜ਼ ਸੈਲੇਬ੍ਰੇਸ਼ਨ 300 ਗ੍ਰਾਮ
ਹਨੀ ਬਦਾਮ & ਜੀਰਾ ਕੁਕੀਜ਼
– ਇੱਕ ਮਿੱਠਾ ਅਤੇ ਨਮਕੀਨ ਸੁਆਦ.

ਚਾਵਲਾ'ਜ਼ ਬਟਰ ਕੁਕੀਜ਼ 340 ਗ੍ਰਾਮ
ਡੈਨਿਸ਼ ਰੀਅਲ ਬਟਰ ਕੁਕੀਜ਼ –
ਕਲਾਸਿਕ, ਰਿਚ ਅਤੇ ਮੱਖਣੀ!




ਚਾਵਲਾ'ਜ਼ ਸੈਲੇਬ੍ਰੇਸ਼ਨ 300 ਗ੍ਰਾਮ
ਅਜਵਾਈਨ & ਨਾਰੀਅਲ ਕੁਕੀਜ਼
– ਖੁਸ਼ਬੂਦਾਰ ਅਤੇ ਵੱਖਰੀਆਂ ਦੇਸੀ!

**The Perfect Gift for Your Loved Ones – Share the Taste of Celebration!**
(ਤੁਹਾਡੇ ਪਿਆਰੇ ਜਣਿਆਂ ਲਈ ਪਰਫੈਕਟ ਤੋਹਫਾ – ਤਿਉਹਾਰਾਂ ਦੇ ਸਵਾਦ ਨੂੰ ਸਾਂਝਾ ਕਰੋ!)

*Now Available at:*
DK MARKET – RENTON
SUPER SAVER FOODS – SEATTLE,KENT,TUKWILA
QFC Quality Food Centers – BELLEVUE,REDMOND
H MART – SEATTLE

**BUY NOW**

For Wholesale Order at :
1120 Andover Park E,Tukwila, WA 98188,T: (206) 575-0050,
E: sales@reshmisgroup.com.

# Diwali Raffle
## Cash Giveaway

MORE WINNERS!

MORE CHANCES TO WIN!

**GRAND PRIZE $2500***

**4 Winners of $500 each***

**5 Winners of $300 each***

Receive 1 entry for each $750 minimum purchase per invoice / per visit
between October 13 through December 24, 2025.
Winners announced December 31, 2025.
*All prizes are in the form of Cash Vouchers.
Cash Voucher redeemable only at Taj Jewelers. No Cash Value.

## ਦੀਵਾਲੀ ਕੈਸ਼ ਡਰਾਅ

ਗਰੈਂਡ ਪ੍ਰਾਈਜ $2500*
4 ਜੇਤੂ $500 each*
5 ਜੇਤੂ $300 each*

*ਪ੍ਰਤੀ ਫੇਰੀ ਤੇ ਘੱਟੋ ਘੱਟ 750 ਡਾਲਰ ਦੀ ਖਰੀਦ
ਤੇ 1 ਐਂਟਰੀ ਮਿਲੇਗੀ
ਅਕਤੂਬਰ 13 ਤੋਂ ਦਸੰਬਰ 24, 2025 ਤੱਕ
31 ਦਸੰਬਰ, 2025 ਨੂੰ ਜੇਤੂ ਐਲਾਨਿਆ ਜਾਵੇਗਾ
*ਸਾਰੇ ਇਨਾਮ ਕੈਸ਼ ਬਾਊਚਰ ਵਿਚ ਮਿਲਣਗੇ
*ਕੈਸ਼ ਬਾਊਚਰ ਸਿਰਫ ਤਾਜ ਜਿਊਲਰਜ ਤੇ ਹੀ ਵਰਤਿਆ ਜਾਵੇਗਾ।
ਕੋਈ ਕੈਸ਼ ਕੀਮਤ ਨਹੀਂ।

**Shop 2 Locations in Kent, WA**
**For the best 22k Selection and Price!**

22 ਕੈਰੇਟ ਦੀ ਵਧੀਆ ਸਿਲੈਕਸ਼ਨ ਅਤੇ ਕੀਮਤ ਲਈ ਕੈਂਟ ਵਾਸ਼ਿੰਗਟਨ ਵਿਚ 2 ਲੁਕੇਸ਼ਨਾਂ ਤੇ ਸ਼ਾਪਿੰਗ ਕਰੋ

**TAJ JEWELERS**
ਤਾਜ਼ ਜਿਊਲਰਜ਼
253-981-3071
10120 SE 260th ST #110
Kent, WA 98030

**TAJ GOLD & DIAMOND JEWELERS**
ਤਾਜ਼ ਗੋਲਡ & ਡਾਇਮੰਡ ਜਿਊਲਰਜ਼
253-236-2757
25619 104th Ave SE
Kent, WA 98030

# ਅੰਮ੍ਰਿਤਪਾਲ ਸਿੰਘ ਨੇ ਹਾਈ ਕੋਰਟ ਵਿੱਚ ਪਟੀਸ਼ਨ ਕੀਤੀ ਦਾਇਰ ਸੰਸਦ ਦੇ ਸਰਦ ਰੁੱਤ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਮੰਗੀ ਪੈਰੋਲ



ਚੰਡੀਗੜ੍ਹ: ਅੰਮ੍ਰਿਤਪਾਲ ਸਿੰਘ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਸੰਸਦ ਦੇ ਸਰਦ ਰੁੱਤ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਪੈਰੋਲ ਦੀ ਮੰਗ ਕੀਤੀ ਹੈ। ਪਟੀਸ਼ਨ ਵਿੱਚ, ਅੰਮ੍ਰਿਤਪਾਲ ਸਿੰਘ ਰਾਸ਼ਟਰੀ ਸੁਰੱਖਿਆ ਐਕਟ, 1980 ਦੀ ਧਾਰਾ 15 ਦੇ ਤਹਿਤ ਅਸਥਾਈ ਰਿਹਾਈ ਦੀ ਮੰਗ ਕਰਦੇ ਹੋਏ ਕਹਿੰਦੇ ਹਨ ਕਿ ਉਨ੍ਹਾਂ ਨੂੰ 1 ਦਸੰਬਰ, 2025 ਤੋਂ 19 ਦਸੰਬਰ, 2025 ਤੱਕ ਚੱਲਣ ਵਾਲੇ ਸੰਸਦ ਦੇ ਸਰਦ ਰੁੱਤ ਸੈਸ਼ਨ ਵਿੱਚ ਸ਼ਾਮਲ ਹੋਣਾ ਲਾਜ਼ਮੀ ਹੈ।

ਉਨ੍ਹਾਂ ਨੇ ਅਦਾਲਤ ਦੇ ਨਿਰਦੇਸ਼ਾਂ ਦੀ ਬੇਨਤੀ ਕੀਤੀ ਹੈ ਕਿ ਉਨ੍ਹਾਂ ਨੂੰ ਇਸ ਸਮੇਂ ਦੌਰਾਨ ਪੈਰੋਲ 'ਤੇ ਰਿਹਾਅ ਕੀਤਾ ਜਾਵੇ ਤਾਂ ਜੋ ਉਹ ਇੱਕ ਸੰਸਦ ਮੈਂਬਰ ਵਜੋਂ ਆਪਣੇ ਸੰਸਦੀ ਫਰਜ਼ ਨਿਭਾ ਸਕਣ। ਪਟੀਸ਼ਨ ਇਸ ਸਮੇਂ ਹਾਈ ਕੋਰਟ ਦੀ ਰਜਿਸਟਰੀ ਸ਼ਾਖਾ ਵਿੱਚ ਜਾਂਚ ਅਧੀਨ ਹੈ। ਜਾਂਚ ਪੂਰੀ ਹੋਣ ਤੋਂ ਬਾਅਦ ਹੀ ਇਸਨੂੰ ਅਦਾਲਤ ਦੇ ਸਾਹਮਣੇ ਸੂਚੀਬੱਧ ਕੀਤਾ ਜਾਵੇਗਾ।

## ਹੁਣ ਕੈਨੇਡਾ ਵਿੱਚ ਨਹੀਂ ਵਿਕ ਸਕੇਗੀ ਕੈਰਿਸਪਰੋਡੋਲ ਦਵਾਈ

ਓਟਵਾ:ਫੈਡਰਲ ਸਰਕਾਰ ਨੇ ਇੱਕ ਸੈਡੇਟਿਵ ਕੈਰਿਸਪਰੋਡੋਲ, ਜਿਹੜਾ ਵਿਦੇਸ਼ਾਂ ਵਿੱਚ ਗੈਰਕਾਨੂੰਨੀ ਡਰੱਗ ਮਾਰਕਿਟ ਨਾਲ ਜੋੜਿਆ ਜਾਂਦਾ ਹੈ, ਨੂੰ ਸਥਾਈ ਤੌਰ ਉੱਤੇ ਨਿਯੰਤਰਿਤ ਕਰਨ ਜਾ ਰਹੀ ਹੈ। ਹੈਲਥ ਕੈਨੇਡਾ ਨੇ ਇੱਕ ਪ੍ਰੈੱਸ ਰਲੀਜ਼ ਵਿੱਚ ਆਖਿਆ ਕਿ ਇਸ ਡਰੱਗ ਨੂੰ ਕੈਨੇਡਾ ਵਿੱਚ ਵੇਚਣ ਦੀ ਕੋਈ ਖੁੱਲ੍ਹ ਨਹੀਂ ਹੈ। ਹੋਰਨਾਂ ਮੁਲਕਾਂ ਵਿੱਚ ਇਸ ਨੂੰ ਮਸਲ ਰਿਲੈਕਸਟੈਂਟ ਵਜੋਂ ਵਰਤਿਆ ਜਾਂਦਾ ਹੈ। ਇਸ ਦੇ ਬੈਂਜੋਡਾਇਜ਼ੇਪਾਈਨਜ਼ ਵਰਗੇ ਸੈਡੇਟਿਵ ਪ੍ਰਭਾਵ ਹੁੰਦੇ ਹਨ। ਕੈਰਿਸਪਰੋਡੋਲ ਆਪਣੇ ਆਪ ਵਿੱਚ ਹੀ ਐਨੀ ਸਟਰਾਂਗ ਦਵਾਈ ਹੈ ਕਿ ਇਸ ਦੀ ਲਤ ਲੱਗ ਜਾਂਦੀ ਹੈ। 2008 ਵਿੱਚ ਯੂਰਪ ਵਿੱਚ ਇਸ ਨੂੰ ਬੈਨ ਕਰ ਦਿੱਤਾ ਗਿਆ ਸੀ। ਹੋਰਨਾਂ ਦੇਸ਼ਾਂ ਵਿੱਚ ਇਸ ਦੀ ਦੁਰਵਰਤੋਂ ਦੇ ਮਿਲੇ ਸਬੂਤਾਂ ਕਰਕੇ ਇਹ ਨਵੇਂ ਨਿਯਮ ਲਿਆਂਦੇ ਗਏ ਹਨ। ਇਸੇ ਲਈ ਇਸ ਦੀ ਗੈਰਕਾਨੂੰਨੀ ਇੰਪੋਰਟੇਸ਼ਨ, ਵੰਡ ਤੇ ਵਰਤੋਂ ਨੂੰ ਰੋਕਣ ਲਈ ਪੁਲਿਸ ਅਤੇ ਲਾਅ ਤੇ ਬਾਰਡਰ ਐਨਫੋਰਸਮੈਂਟ ਦੇ ਹੱਥ ਵੀ ਮਜ਼ਬੂਤ ਕੀਤੇ ਗਏ ਹਨ।

## ਸੀਬੀਐਸਏ ਜਾਂਚ ਅਧੀਨ ਭਾਰਤੀ ਨਾਗਰਿਕ ਕੈਲਗਰੀ ਹਸਪਤਾਲ ਤੋਂ ਫਰਾਰ



ਕੈਲਗਰੀ- ਸੰਘੀ ਜਾਂਚ ਅਧੀਨ ਇੱਕ ਭਾਰਤੀ ਨਾਗਰਿਕ ਬੀਤੀ ਦੇਰ ਰਾਤ ਰੌਕੀਵਿਊ ਹਸਪਤਾਲ ਤੋਂ ਫਰਾਰ ਹੋ ਗਿਆ, ਜਿਸ ਕਾਰਨ ਅਧਿਕਾਰੀਆਂ ਵੱਲੋਂ ਤੁਰੰਤ ਤਲਾਸ਼ੀ ਲਈ ਗਈ। ਜਗਦੀਪ ਸਿੰਘ ਡਾਕਟਰੀ ਮੁਲਾਂਕਣ ਦੌਰਾਨ ਹਸਪਤਾਲ ਤੋਂ ਭੱਜ ਗਿਆ। ਇਮੀਗ੍ਰੇਸ਼ਨ ਅਤੇ ਸ਼ਰਨਾਰਥੀ ਸੁਰੱਖਿਆ ਐਕਟ ਦੇ ਤਹਿਤ ਸੰਗਠਿਤ ਅਪਰਾਧ ਵਿੱਚ ਕਥਿਤ ਸ਼ਮੂਲੀਅਤ ਲਈ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐਸਏ) ਦੁਆਰਾ ਸਿੰਘ ਦੀ ਜਾਂਚ ਕੀਤੀ ਜਾ ਰਹੀ ਹੈ। ਸੀਬੀਐਸਏ ਨੇ ਪੁਸ਼ਟੀ ਕੀਤੀ ਹੈ ਕਿ ਉਹ ਸਿੰਘ ਨੂੰ ਜਲਦੀ ਤੋਂ ਜਲਦੀ ਲੱਭਣ ਲਈ ਸਥਾਨਕ ਪੁਲਿਸ ਏਜੰਸੀਆਂ ਨਾਲ ਸਹਿਯੋਗ ਕਰ ਰਿਹਾ ਹੈ। ਅਧਿਕਾਰੀ ਜਨਤਾ ਨੂੰ ਚੌਕਸ ਰਹਿਣ ਦੀ ਅਪੀਲ ਕਰ ਰਹੇ ਹਨ। ਅਧਿਕਾਰੀਆਂ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਸਿੰਘ ਦੇ ਠਿਕਾਣਿਆਂ ਬਾਰੇ ਜਾਣਕਾਰੀ ਰੱਖਣ ਵਾਲੇ ਕਿਸੇ ਵੀ ਵਿਅਕਤੀ ਨੂੰ ਤੁਰੰਤ 911 'ਤੇ ਕਾਲ ਕਰਨੀ ਚਾਹੀਦੀ ਹੈ। ਨਾਗਰਿਕਾਂ ਨੂੰ ਸਖ਼ਤ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਉਸ ਕੋਲ ਨਾ ਪਹੁੰਚਣ ਜਾਂ ਉਸਨੂੰ ਫੜਨ ਦੀ ਕੋਸ਼ਿਸ਼ ਨਾ ਕਰਨ।


TUKWILA DENTAL CENTER
NEW PATIENTS & EMERGENCIES WELCOME
GENERAL DENTISTRY FOR ALL AGES
*A Caring Team for You & Your Family*
Most Crowns and Bridges are made same day with our CAD/CAM System

- General Dentistry
- Bridges
- Fillings
- Dentures
- Dental Implants
- Crowns
- Cosmetic Dentistry
- Sealants
- Treatment of Gum Disease
- Oral Surgery
- Root Canals



HARCHAND SINGH DDS PS, SARAA ABDULATEEF DDS MS, ABRAAM ABRAMOV LD, MUKTA SINGH DDS, TANVEER S BUTTAR DDS

| Hours : | | |
|---|---|---|
| | Monday | 9AM - 6PM |
| | Tuesday | 9AM - 6PM |
| | Wednesday | 9AM - 6PM |
| | Thursday | 9AM - 6PM |
| | Friday | 8AM - 4PM |

*(Fellow & Master Academy of General Dentistry)*
DENTAL LAB ON PREMISES

13955 Interurban Ave So, Tukwila, WA 98168
www.tukwiladentalcenter.com Email: tukwiladentalcenter@comcast.net
Ph: 206-431-0953, 206-241-0454, Fax: 206-439-6860



Complete Dental Care

New & Emergency Patients Welcome
-Family & Cosmetic Dentistry
-Root Canals, Wisdom Teeth Removal, Metal-free Restorations
-Bleeching, Veneer, Bonding
-Preventive & Pediatric Dentistry




ਹਰ ਤਰਾਂ ਦੇ ਦੰਦਾਂ ਦਾ ਇਲਾਜ਼ ਕਰਵਾਉਣ ਲਈ ਸੰਪਰਕ ਕਰੋ
Dr. Manpreet Dhaliwal
Dr. Navdeep Dhaliwal
Dr. Donald Hainer

Complete DENTAL CARE
Ph: 253-854-2714
SUITE #1, 10725 SE 256TH ST, KENT, WA


Prices Effective From 30th Oct 2025
PUNJAB GROCERY BAZAAR
OLD KK MARKET
Get SPECIAL DISCOUNT
Happy Gurupurab
BITTER GOURD $2.49 LBS
LENTILS Flat 10% Off
INDIAN CARROTS $4.49 LBS
Lady Finger $3.49 LBS
ROASTED BARFI $9.99 LBS
TOMATO $0.99 LBS
MUSTARD OIL $19.99 5 Litre
INDIAN CROCKERY Get 10% Discount
Desi Gud $ 1.99 LBS
FRESH VEGGIE CANADIAN COOKIES $8.99
YOU CAN TEST BEFORE BUYING
DESI SAKKAR $3.99 2 LBS
HOT TEA AVAILABLE
+1 253-854-5236
23805, 104th Ave SE, Kent, WA 98031, United States

# ਧਮਕੀ ਤੋਂ ਬਾਅਦ ਮੋਦੀ ਨੇ ਕਿਹਾ ਕਿ ਜੰਗ ਖਤਮ ਕਰ ਚੁੱਕੇ ਹਾਂ:ਟਰੰਪ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਉਸ ਨੇ 350 ਫੀਸਦੀ ਟੈਰਿਫ ਲਾਉਣ ਦੀ ਧਮਕੀ ਦੇ ਕੇ ਭਾਰਤ-ਪਾਕਿਸਤਾਨ ਜੰਗ ਰੁਕਵਾਈ ਸੀ। ਟਰੰਪ ਨੇ ਅਮਰੀਕਾ-ਸਾਊਦੀ ਇਨਵੈਸਟਮੈਂਟ ਫੋਰਮ ਵਿੱਚ ਕਿਹਾ, 'ਮੈਨੂੰ ਸਭ ਤੋਂ ਪਹਿਲਾਂ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਦਾ ਫੋਨ ਆਇਆ ਸੀ। ਉਸ ਨੇ ਸ਼ੁਕਰੀਆ ਕਿਹਾ ਤੇ ਦੱਸਿਆ ਕਿ ਮੈਂ ਲੱਖਾਂ ਜਾਨਾਂ ਬਚਾਈਆਂ ਹਨ। ਇਸ ਦੇ ਬਾਅਦ ਪ੍ਰਧਾਨ ਮੰਤਰੀ ਮੋਦੀ ਦਾ ਫੋਨ ਆਇਆ। ਮੋਦੀ ਨੇ ਕਿਹਾ ਕਿ ਅਸੀਂ ਖਤਮ ਕਰ ਚੁੱਕੇ ਹਾਂ। ਮੈਂ ਪੁੱਛਿਆ ਕਿ ਕੀ ਖਤਮ ਕਰ ਚੁੱਕੇ ਹੋ।ਮੋਦੀ ਨੇ ਕਿਹਾ ਕਿ ਅਸੀਂ ਜੰਗ ਨਹੀਂ ਕਰਨ ਜਾ ਰਹੇ।' ਪਹਿਲਗਾਮ ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਖਿਲਾਫ 7 ਮਈ ਨੂੰ 'ਅਪ੍ਰੇਸ਼ਨ ਸਿੰਧੂਰ' ਸ਼ੁਰੂ ਕਰਕੇ ਉਥੇ ਦਹਿਸ਼ਤਗਰਦਾਂ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਸੀ ਤੇ 10 ਮਈ ਨੂੰ ਦੋਹਾਂ ਦੇਸ਼ਾਂ ਵਿਚਾਲੇ ਜੰਗਬੰਦੀ ਹੋ ਗਈ ਸੀ। ਟਰੰਪ 60 ਤੋਂ ਵੱਧ ਵਾਰ ਦਾਅਵਾ ਕਰ ਚੁੱਕੇ ਹਨ ਕਿ ਜੰਗ ਉਸ ਨੇ ਰੁਕਵਾਈ, ਜਦਕਿ ਭਾਰਤ ਕਹਿ ਚੁੱਕਾ ਹੈ ਕਿ ਜੰਗਬੰਦੀ ਦੋਹਾਂ ਦੇਸ਼ਾਂ ਨੇ ਗੱਲਬਾਤ ਨਾਲ ਕੀਤੀ, ਕਿਸੇ ਦੇ ਦਖਲ ਨਾਲ ਨਹੀਂ।



ਹੁਣ ਕੈਂਟ ਵਿੱਚ ਵਿਜੈ ਜਿਊਲਰਜ਼ ਨੇ ਆਪਣੀ ਨਵੀਂ ਦੁਕਾਨ ਖੋਲ੍ਹ ਦਿੱਤੀ ਹੈ

Vijay JEWELLERS INC.

Specializing in 22K Gold




ਸੋਨੇ ਦੀਆਂ ਬਾਰਾਂ ਸਪੈਸ਼ਲ ਕੀਮਤਾਂ ਤੇ ਮਿਲਦੀਆਂ ਹਨ



ਅਨੇਕਾਂ ਪ੍ਰਕਾਰ ਦੇ ਗਹਿਣੇ ਲੇਟੈਸਟ ਡਿਜਾਈਨਾਂ ਵਿਚ ਲਵੋ

ਹਰੇਕ ਤਰ੍ਹਾਂ ਦੇ ਨਗ ਸਰਟੀਫਾਈਡ ਮਿਲਦੇ ਹਨ

ਅਸੀਂ ਹਰ ਤਰਾਂ ਦੇ ਗਹਿਣੇ ਰਿਪੇਅਰ ਵੀ ਕਰਦੇ ਹਾਂ

Naman Dhawan
856-325-9919, 253-277-3854

Vijay Dhawan
253-656-2666

25416 104th Ave SE, Kent, WA 98030, USA

www.vijayjewellersseattle.com vijayjewellersinc@gmail.com

# ਟਰੰਪ ਨੇ ਸਾਊਦੀ ਸ਼ਹਿਜ਼ਾਦੇ ਦਾ ਬਚਾਅ ਕਰਦਿਆਂ ਅਮਰੀਕੀ ਖੁਫੀਆ ਰਿਪੋਰਟ ਨੂੰ ਨਕਾਰਿਆ

## ਅਮਰੀਕੀ ਰਾਸ਼ਟਰਪਤੀ ਨੇ ਪੱਤਰਕਾਰ ਜਮਾਲ ਖਸ਼ੋਗੀ ਨੂੰ 'ਬਹੁਤ ਜ਼ਿਆਦਾ ਵਿਵਾਦਪੂਰਨ' ਕਿਹਾ



ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੰਗਲਵਾਰ ਨੂੰ ਅਮਰੀਕੀ ਖੁਫੀਆ ਏਜੰਸੀਆਂ ਦੇ ਉਨ੍ਹਾਂ ਨਤੀਜਿਆਂ ਨੂੰ ਖਾਰਜ ਕਰ ਦਿੱਤਾ, ਜਿਨ੍ਹਾਂ ਵਿਚ ਕਿਹਾ ਗਿਆ ਸੀ ਕਿ 2018 ਵਿਚ ਵਾਸ਼ਿੰਗਟਨ ਪੋਸਟ ਦੇ ਪੱਤਰਕਾਰ ਜਮਾਲ ਖਸ਼ੋਗੀ ਦੇ ਕਤਲ ਵਿਚ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ (ਐੱਮ.ਬੀ.ਐੱਸ.) ਦਾ ਕੁਝ ਹੱਦ ਤੱਕ ਹੱਥ ਹੋ ਸਕਦਾ ਹੈ। ਟਰੰਪ ਨੇ ਸਾਊਦੀ ਅਰਬ ਦੇ ਅਸਲ ਸ਼ਾਸਕ (ਕ੍ਰਾਊਨ ਪ੍ਰਿੰਸ) ਦਾ ਸੱਤ ਸਾਲਾਂ ਵਿਚ ਵ੍ਹਾਈਟ ਹਾਊਸ ਦੀ ਪਹਿਲੀ ਫੇਰੀ ਦੌਰਾਨ ਗਰਮਜੋਸ਼ੀ ਨਾਲ ਸਵਾਗਤ ਕਰਦਿਆਂ ਇਹ ਗੱਲ ਕਹੀ।ਸਾਊਦੀ ਦੇ ਸ਼ਾਹੀ ਪਰਿਵਾਰ ਦੇ ਸਖ਼ਤ ਆਲੋਚਕ ਰਹੇ ਖਸ਼ੋਗੀ ਦੇ ਕਤਲ ਦੇ ਅਪ੍ਰੇਸ਼ਨ ਕਾਰਨ ਅਮਰੀਕਾ-ਸਾਊਦੀ ਰਿਸ਼ਤਿਆਂ ਵਿਚ ਕਾਫੀ ਗਿਰਾਵਟ ਆ ਗਈ ਸੀ। ਪਰ ਸੱਤ ਸਾਲਾਂ ਬਾਅਦ ਇਹ ਕਾਲੇ ਬੱਦਲ ਹਟ ਗਏ ਹਨ। ਟਰੰਪ 40 ਸਾਲਾ ਕ੍ਰਾਊਨ ਪ੍ਰਿੰਸ ਨਾਲ ਆਪਣੀ ਨੇੜਤਾ ਵਧਾ ਰਹੇ ਹਨ ਅਤੇ ਉਨ੍ਹਾਂ ਨੇ ਪ੍ਰਿੰਸ ਨੂੰ ਆਉਣ ਵਾਲੇ ਦਹਾਕਿਆਂ ਵਿਚ ਮੱਧ ਪੂਰਬ ਨੂੰ ਆਕਾਰ ਦੇਣ ਲਈ ਇਕ ਅਹਿਮ ਖਿਡਾਰੀ ਦੱਸਿਆ ਹੈ।

ਟਰੰਪ ਨੇ ਕ੍ਰਾਊਨ ਪ੍ਰਿੰਸ ਦਾ ਬਚਾਅ ਕਰਦਿਆਂ ਖਸ਼ੋਗੀ ਨੂੰ 'ਬਹੁਤ ਜ਼ਿਆਦਾ ਵਿਵਾਦਪੂਰਨ' ਵਿਅਕਤੀ ਦੱਸਿਆ ਅਤੇ ਕਿਹਾ ਕਿ ਬਹੁਤ ਸਾਰੇ ਲੋਕ ਉਸ ਸੱਜਣ ਨੂੰ ਪਸੰਦ ਨਹੀਂ ਕਰਦੇ ਸਨ। ਦੂਜੇ ਪਾਸੇ ਪ੍ਰਿੰਸ ਮੁਹੰਮਦ ਨੇ ਖਸ਼ੋਗੀ (ਜੋ ਸਾਊਦੀ ਨਾਗਰਿਕ ਸਨ ਅਤੇ ਵਰਜੀਨੀਆ ਵਿਚ ਰਹਿੰਦੇ ਸਨ) ਦੇ ਕਤਲ ਵਿਚ ਸ਼ਾਮਲ ਹੋਣ ਤੋਂ ਇਨਕਾਰ ਕੀਤਾ ਹੈ।

ਟਰੰਪ ਨੇ ਓਵਲ ਆਫਿਸ ਵਿਚ ਪ੍ਰਿੰਸ ਮੁਹੰਮਦ ਦੇ ਨਾਲ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ, "ਭਾਵੇਂ ਤੁਸੀਂ ਉਸ ਨੂੰ (ਖਸ਼ੋਗੀ ਨੂੰ) ਪਸੰਦ ਕਰਦੇ ਸੀ ਜਾਂ ਨਹੀਂ, ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ। ਪਰ ਪ੍ਰਿੰਸ ਨੂੰ ਇਸ ਬਾਰੇ ਕੁਝ ਨਹੀਂ ਪਤਾ ਸੀ। ਸਾਨੂੰ ਇਹ ਮਾਮਲਾ ਇਥੇ ਹੀ ਛੱਡ ਦੇਣਾ ਚਾਹੀਦਾ ਹੈ। ਤੁਹਾਨੂੰ ਅਜਿਹੇ ਸਵਾਲ ਪੁੱਛ ਕੇ ਸਾਡੇ ਮਹਿਮਾਨ ਨੂੰ ਸ਼ਰਮਿੰਦਾ ਨਹੀਂ ਕਰਨਾ ਚਾਹੀਦਾ।"

ਹਾਲਾਂਕਿ, ਬਾਇਡਨ ਪ੍ਰਸ਼ਾਸਨ ਵੱਲੋਂ 2021 'ਚ ਜਨਤਕ ਕੀਤੀ ਗਈ ਇਕ ਰਿਪੋਰਟ ਅਨੁਸਾਰ ਅਮਰੀਕੀ ਖੁਫੀਆ ਅਧਿਕਾਰੀਆਂ ਨੇ ਇਹ ਸਿੱਟਾ ਕੱਢਿਆ ਸੀ ਕਿ ਸਾਊਦੀ ਕ੍ਰਾਊਨ ਪ੍ਰਿੰਸ ਨੇ ਇਸਤਾਂਬੁਲ ਵਿਚ ਸਾਊਦੀ ਕੌਂਸੁਲੇਟ ਦੇ ਅੰਦਰ ਪੱਤਰਕਾਰ ਦੇ ਕਤਲ ਨੂੰ ਸੰਭਾਵਿਤ ਤੌਰ 'ਤੇ ਮਨਜ਼ੂਰੀ ਦਿੱਤੀ ਸੀ।

ਟਰੰਪ ਦੇ ਅਧਿਕਾਰੀਆਂ ਨੇ ਆਪਣੇ ਪਹਿਲੇ ਕਾਰਜਕਾਲ ਦੌਰਾਨ ਇਸ ਰਿਪੋਰਟ ਨੂੰ ਜਾਰੀ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਆਪਣੇ ਵਪਾਰ ਦੇ ਵਾਧੇ ਲਈ ਇਸ਼ਤਿਹਾਰ ਪਾਉਣ ਲਈ ਫੋਨ ਕਰੋ 604-590-5200



ਲੇਡੀਜ਼ ਟੇਲਰਿੰਗ
*Simple Suit $40 *Lehnga $100
*Lining Suit $70 *Zipper $5 Extra
Shirt with Lining $60 Alteration Starts from $10
ਹਰ ਕਿਸਮ ਦੇ ਪੰਜਾਬੀ ਲੇਡੀਜ ਸੂਟ, ਬਲਾਊਜ, ਲਹਿੰਗਾ ਆਦਿ ਦੀ ਪ੍ਰੋਫੈਸ਼ਨਲ ਸਿਲਾਈ ਅਤੇ ਆਲਟਰੇਸ਼ਨ ਕਰਵਾਉਣ ਲਈ ਮਿਲੋ
604-799-8160
October end

# ਮਹੀਨਿਆਂ ਬਾਅਦ ਟਰੰਪ ਕੈਂਪ 'ਚ ਵਾਪਸ ਆਏ ਮਸਕ, ਨਵੀਂ ਪਾਰਟੀ ਬਣਾਉਣ ਦੀ ਯੋਜਨਾ ਰੱਦ

ਵਾਸ਼ਿੰਗਟਨ - ਟੈਸਲਾ ਦੇ ਸੀ. ਈ. ਓ. ਐਲਨ ਮਸਕ ਮੁੜ ਤੋਂ ਅਮਰੀਕੀ ਸਿਆਸਤ ਦੇ ਕੇਂਦਰ 'ਚ ਵਾਪਸ ਆ ਗਏ ਹਨ। ਰਾਸ਼ਟਰਪਤੀ ਟਰੰਪ ਨਾਲ ਟਕਰਾਅ ਦੇ ਲੱਗਭਗ 6 ਮਹੀਨਿਆਂ ਬਾਅਦ ਉਹ ਰਾਜਧਾਨੀ ਵਾਸ਼ਿੰਗਟਨ 'ਚ ਜਨਤਕ ਸਮਾਗਮ 'ਚ ਸ਼ਾਮਲ ਹੋਏ। ਸਾਊਦੀ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਦੇ ਸਨਮਾਨ 'ਚ ਆਯੋਜਿਤ ਟਰੰਪ ਦੇ ਸਟੇਟ ਡਿਨਰ 'ਚ ਐਲਨ ਮਸਕ ਵੀ ਸ਼ਾਮਲ ਹੋਏ। ਮਸਕ ਆਪਣੀ ਨਵੀਂ ਸਿਆਸੀ ਪਾਰਟੀ ਬਣਾਉਣ ਦੀ ਯੋਜਨਾ ਨੂੰ ਵੀ ਰੱਦ ਕਰ ਚੁੱਕੇ ਹਨ। ਮਸਕ ਨੇ ਇਹ ਵੀ ਕਿਹਾ ਹੈ ਕਿ ਉਹ 2026 ਦੀਆਂ ਮੱਧਕਾਲੀ ਚੋਣਾਂ 'ਚ ਟਰੰਪ ਦੀ ਰਿਪਬਲਿਕਨ ਪਾਰਟੀ ਦੇ ਉਮੀਦਵਾਰਾਂ ਦਾ ਸਮਰਥਨ ਅਤੇ ਫੰਡਿੰਗ ਕਰਨਗੇ। ਇਸ ਰਾਹੀਂ ਉਨ੍ਹਾਂ ਸੰਕੇਤ ਦਿੱਤਾ ਕਿ ਉਹ ਟਕਰਾਅ ਨਹੀਂ ਸਗੋਂ ਦੋਸਤੀ ਦਾ ਰਸਤਾ ਚੁਣ ਰਹੇ ਹਨ। ਮਸਕ ਦੀ ਮਈ 'ਚ ਵਾਸ਼ਿੰਗਟਨ ਛੱਡਣ ਸਮੇਂ ਤਸਵੀਰ ਅੱਜ ਨਾਲੋਂ ਬਿਲਕੁਲ ਵੱਖਰੀ ਸੀ।

# ਅਮਰੀਕੀ ਡਾਲਰ ਮੁਕਾਬਲੇ ਭਾਰਤੀ ਰੁਪਿਆ 9 ਪੈਸੇ ਵਧਿਆ

ਮੁੰਬਈ - ਕਾਰੋਬਾਰ ਵਿੱਚ ਡਾਲਰ ਦੇ ਮੁਕਾਬਲੇ ਰੁਪਿਆ ਨੌਂ ਪੈਸੇ ਵਧ ਕੇ 88.51 'ਤੇ ਪਹੁੰਚ ਗਿਆ। ਕੱਚੇ ਤੇਲ ਦੀਆਂ ਕੀਮਤਾਂ ਵਿੱਚ ਨਰਮੀ ਨਾਲ ਰੁਪਏ ਨੂੰ ਸਮਰਥਨ ਮਿਲਿਆ, ਹਾਲਾਂਕਿ ਵਿਸ਼ਵ ਪੱਧਰੀ ਸਟਾਕ ਬਾਜ਼ਾਰਾਂ ਵਿੱਚ ਉਤਰਾਅ-ਚੜ੍ਹਾਅ ਨੇ ਨਿਵੇਸ਼ਕਾਂ ਦੀ ਭਾਵਨਾ ਨੂੰ ਪ੍ਰਭਾਵਿਤ ਕੀਤਾ। ਅੰਤਰਬੈਂਕ ਵਿਦੇਸ਼ੀ ਮੁਦਰਾ ਬਾਜ਼ਾਰ ਵਿੱਚ ਡਾਲਰ ਦੇ ਮੁਕਾਬਲੇ ਰੁਪਿਆ 88.57 'ਤੇ ਖੁੱਲ੍ਹਿਆ। ਸ਼ੁਰੂਆਤੀ ਸੌਦਿਆਂ ਤੋਂ ਬਾਅਦ, ਇਹ ਡਾਲਰ ਦੇ ਮੁਕਾਬਲੇ 88.51 'ਤੇ ਪਹੁੰਚ ਗਿਆ, ਜੋ ਕਿ ਪਿਛਲੇ ਬੰਦ ਤੋਂ ਨੌਂ ਪੈਸੇ ਦਾ ਵਾਧਾ ਦਰਸਾਉਂਦਾ ਹੈ। ਮੰਗਲਵਾਰ ਨੂੰ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਿਆ 88.60 'ਤੇ ਬੰਦ ਹੋਇਆ ਸੀ।

ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ
#1 Services On Your Special Events
SARDAR JI CATERING
SARDAR JI CATERING
Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ
- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

Special Catering Service for 100-125 persons

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com

# ਕੈਲੀਫੋਰਨੀਆ ਦੀ ਭਾਰਤੀ ਔਰਤ ਨੂੰ ਫਲਾਈਟ ਅਟੈਂਡੈਂਟਸ ‘ਤੇ ਹਮਲਾ ਕਰਨ ਦੇ ਦੋਸ਼ ਹੇਠ ਹੋ ਸਕਦੀ ਹੈ ਲੰਮੀ ਸਜ਼ਾ

ਸਾਨ ਫਰਾਂਸਿਸਕੋ:- ਅਮਰੀਕੀ ਨਿਆਂ ਵਿਭਾਗ ਨੇ ਕਿਹਾ ਕਿ ਜੂਨ 2025 ਦੇ ਅਖੀਰ ਵਿਚ ਸਾਨ ਫਰਾਂਸਿਸਕੋ ਅੰਤਰਰਾਸ਼ਟਰੀ ਹਵਾਈ ਅੱਡੇ ‘ਤੇ ਉਡਾਣ ਦੌਰਾਨ ਦੋ ਫਲਾਈਟ ਅਟੈਂਡੈਂਟਸ ‘ਤੇ ਕਥਿਤ ਤੌਰ ‘ਤੇ ਹਮਲਾ ਕਰਨ ਤੋਂ ਬਾਅਦ ਇੱਕ ਕੌਂਟਰਾ ਕੋਸਟਾ ਕਾਉਂਟੀ ਦੀ ਔਰਤ ‘ਤੇ ਫੈਡਰਲ ਦੋਸ਼ ਲਗਾਏ ਗਏ ਹਨ।

ਬੇਥਲ ਆਈਲੈਂਡ ਦੀ 40 ਸਾਲਾ ਭਾਰਤੀ ਔਰਤ ਰੇਸ਼ਮਾ ਕਾਮਥ ਨੂੰ ਇੱਕ ਫੈਡਰਲ ਗ੍ਰੈਂਡ ਜਿਊਰੀ ਦੁਆਰਾ ਫਲਾਈਟ ਚਾਲਕ ਦਲ ਦੇ ਮੈਂਬਰਾਂ ਨਾਲ ਦਖਲਅੰਦਾਜ਼ੀ ਦੇ ਦੋ ਦੋਸ਼ਾਂ ਵਿਚ ਦੋਸ਼ੀ ਠਹਿਰਾਇਆ ਗਿਆ ਸੀ। ਉਸਨੂੰ ਇੱਕ ਫੈਡਰਲ ਅਧਿਕਾਰੀ ‘ਤੇ ਹਮਲਾ ਕਰਨ, ਵਿਰੋਧ ਕਰਨ ਜਾਂ ਰੁਕਾਵਟ ਪਾਉਣ ਦੇ ਇੱਕ ਦੋਸ਼ ਅਤੇ ਸੁਰੱਖਿਆ ਜਾਂਚ ਕਰਮਚਾਰੀਆਂ ਨਾਲ ਦਖਲਅੰਦਾਜ਼ੀ ਦੇ ਇੱਕ ਦੋਸ਼ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ।

ਦੋਸ਼ ਅਨੁਸਾਰ, ਕਾਮਥ 28 ਅਤੇ 29 ਜੂਨ ਨੂੰ ਦਿੱਲੀ, ਭਾਰਤ ਤੋਂ ਐੱਸ.ਐੱਫ.ਓ. ਲਈ ਏਅਰ ਇੰਡੀਆ ਦੀ ਫਲਾਈਟ 173 ‘ਤੇ ਉਡਾਣ ਭਰ ਰਹੀ ਸੀ, ਜਦੋਂ ਫਲਾਈਟ ਚਾਲਕ ਦਲ ਦੇ ਮੈਂਬਰਾਂ ਵਿਰੁੱਧ ਕਥਿਤ ਹਮਲੇ ਹੋਏ। ਬੇਅ ਏਰੀਆ ਵਿਚ ਉਤਰਨ ਤੋਂ ਬਾਅਦ, ਕਾਮਥ ਨੇ ਕਥਿਤ ਤੌਰ ‘ਤੇ ਸੁਰੱਖਿਆ ‘ਤੇ ਕੰਮ ਕਰ ਰਹੇ ਇੱਕ ਐੱਸ.ਐੱਫ.ਓ. ਕਰਮਚਾਰੀ ‘ਤੇ ਹਮਲਾ ਕੀਤਾ ਅਤੇ ਗ੍ਰਿਫਤਾਰੀ ਦਾ ਵਿਰੋਧ ਕੀਤਾ ਅਤੇ ਇੱਕ ਅਮਰੀਕੀ ਕਸਟਮ ਅਤੇ ਸਰਹੱਦੀ ਸੁਰੱਖਿਆ ਅਧਿਕਾਰੀ ਨੂੰ ਮਾਰਿਆ।ਜੇਕਰ ਕਾਮਥ ਨੂੰ ਦੋਸ਼ੀ ਠਹਿਰਾਇਆ ਜਾਂਦਾ ਹੈ, ਤਾਂ ਉਸਨੂੰ ਫਲਾਈਟ ਚਾਲਕ ਦਲ ਦੇ ਮੈਂਬਰਾਂ ਨਾਲ ਦਖਲਅੰਦਾਜ਼ੀ ਦੇ ਹਰੇਕ ਦੋਸ਼ ਲਈ ਵੱਧ ਤੋਂ ਵੱਧ 20 ਸਾਲ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ। ਜੇਕਰ ਉਸਨੂੰ ਇੱਕ ਫੈਡਰਲ ਅਧਿਕਾਰੀ ‘ਤੇ ਹਮਲਾ ਕਰਨ ਦਾ ਦੋਸ਼ੀ ਠਹਿਰਾਇਆ ਜਾਂਦਾ ਹੈ, ਤਾਂ ਉਸਨੂੰ ਅੱਠ ਸਾਲ ਦੀ ਹੋਰ ਕੈਦ ਅਤੇ ਸੁਰੱਖਿਆ ਜਾਂਚ ਕਰਮਚਾਰੀਆਂ ਨਾਲ ਦਖਲਅੰਦਾਜ਼ੀ ਲਈ ਹੋਰ 10 ਸਾਲ ਦੀ ਕੈਦ ਦੀ ਸਜ਼ਾ ਵੀ ਹੋ ਸਕਦੀ ਹੈ।ਦੋਸ਼ੀ ਠਹਿਰਾਏ ਜਾਣ ‘ਤੇ ਹਰੇਕ ਦੋਸ਼ ‘ਤੇ ਵੱਧ ਤੋਂ ਵੱਧ 250,000 ਡਾਲਰ ਦਾ ਜੁਰਮਾਨਾ ਹੈ। ਕਾਮਥ 7 ਜਨਵਰੀ, 2026 ਨੂੰ ਫੈਡਰਲ ਅਦਾਲਤ ਵਿਚ ਪੇਸ਼ ਹੋਣ ਲਈ ਤਿਆਰ ਹੈ।

## ਅਮਰੀਕਾ ਪੁਲਿਸ ਨੇ ਝੂਠੇ ਦੋਸ਼ਾਂ ਹੇਠ ਗ੍ਰਿਫ਼ਤਾਰ ਕੀਤਾ ਸਿੱਖ ਆਗੂ ਅਮਰੀਕਾ ਵਿਚ ਇਕ ਹੋਰ ਸਿੱਖ ਆਗੂ

ਟੈਕਸਸ: ਅਮਰੀਕਾ ਵਿਚ ਨਾਮੀ ਸਿੱਖ ਕਾਰੋਬਾਰੀ ਪਰਮਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਇੰਮੀਗ੍ਰੇਸ਼ਨ ਡਿਟੈਨਸ਼ਨ ਸੈਂਟਰ ਭੇਜਣ ਤੋਂ ਬਾਅਦ ਇਕ ਹੋਰ ਸਿੱਖ ਆਗੂ ਜਗਬਿੰਦਰਬੀਰ ਸਿੰਘ ਸੰਧੂ ਨੂੰ ਨਸ਼ਾ ਕਰ ਕੇ ਡਰਾਈਵਿੰਗ ਕਰਨ ਦੇ ਝੂਠੇ ਦੋਸ਼ਾਂ ਵਿਚ ਫਸਾਉਣ ਦਾ ਯਤਨ ਕੀਤਾ ਗਿਆ। ਸਿਰਫ਼ ਐਨਾ ਹੀ ਨਹੀਂ ਪੁਲਿਸ ਅਫ਼ਸਰਾਂ ਨੇ ਸਿੱਧੇ ਤੌਰ ’ਤੇ ਨਸਲੀ ਵਿਤਕਰੇ ਵਾਲੇ ਸਵਾਲ ਪੁੱਛੇ ਅਤੇ ਦੁਰਵਿਹਾਰ ਕੀਤਾ। ਟੈਕਸਸ ਦੇ ਕੈਲਰ ਸ਼ਹਿਰ ਵਿਚ ਵਾਪਰੀ ਘਟਨ ਦੌਰਾਨ ਜਗਬਿੰਦਰਬੀਰ ਸਿੰਘ ਉਰਫ਼ ਜੋਗਾ ਸੰਧੂ ਆਪਣੀ ਗੱਡੀ ਵਿਚ ਜਾ ਰਹੇ ਸਨ ਜਦੋਂ ਇਕ ਟ੍ਰੈਫ਼ਿਕ ਸਟੌਪ ਦੌਰਾਨ ਉਨ੍ਹਾਂ ਨੂੰ ਰੋਕਿਆ ਗਿਆ। ਗੱਡੀ ਰੁਕੀ ਤਾਂ ਪੁਲਿਸ ਵਾਲੇ ਦਾਅਵਾ ਕਰਨ ਲੱਗੇ ਕਿ ਇਹ ਕਰੌਸਵਾਕ ’ਤੇ ਜਾ ਕੇ ਰੁਕੀ। ਜਗਬਿੰਦਰਬੀਰ ਸਿੰਘ ਵੱਲੋਂ ਆਪਣਾ ਡਰਾਈਵਿੰਗ ਲਾਇਸੰਸ ਦਿਖਾਇਆ ਗਿਆ ਅਤੇ ਹਰ ਸਵਾਲ ਦਾ ਜਵਾਬ ਦਿਤਾ ਪਰ ਪੁਲਿਸ ਅਫ਼ਸਰਾਂ ਨੇ ਅਚਨਚੇਤ ਕਾਂਟਾ ਬਦਲਿਆ ਅਤੇ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਮੰਗਣ ਲੱਗੇ।ਜਗਬਿੰਦਰਬੀਰ ਸਿੰਘ ਨੇ ਪੁਲਿਸ ਅਫ਼ਸਰਾਂ ਦੀ ਗੈਰਜ਼ਰੂਰੀ ਪੁੱਛ-ਪੜਤਾਲ ’ਤੇ ਇਤਰਾਜ਼ ਪ੍ਰਗਟਾਇਆ। ਪੁਲਿਸ ਅਫ਼ਸਰਾਂ ਦੀ ਹਰ ਹਦਾਇਤ ਮੰਨਣ ਦੇ ਬਾਵਜੂਦ ਜਗਬਿੰਦਰਬੀਰ ਸਿੰਘ ਨੂੰ ਗੱਡੀ ਵਿਚੋਂ ਬਾਹਰ ਕੱਢ ਕੇ ਨਸ਼ੇ ਦੀ ਲੋਰ ਵਿਚ ਡਰਾਈਵਿੰਗ ਦੇ ਸ਼ੱਕ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ। ਸਿਰਫ਼ ਇਥੇ ਹੀ ਬੱਸ ਨਹੀਂ ਡਾਕਟਰ ਦੀਆਂ ਲਿਖੀਆਂ ਦਵਾਈਆਂ ਪਾਬੰਦੀਸ਼ੁਦਾ ਨਸ਼ੇ ਬਣ ਗਏ ਅਤੇ ਮਾਮਲਾ ਹੋਰ ਗੁੰਝਲਦਾਰ ਬਣਨ ਲੱਗਾ।

ਆਪਣੇ ਵਪਾਰ ਦੇ ਵਾਧੇ ਲਈ ਇਸ਼ਤਿਹਾਰ ਪਾਉਣ ਲਈ ਫੋਨ ਕਰੋ 604-590-5200

AKAL TRAVEL
ਅਮਰੀਕਾ ਦੇ ਕਿਸੇ ਵੀ ਸ਼ਹਿਰ ਤੋਂ ਵਧੀਆ ਫਲਾਈਟਾਂ, ਵਧੀਆ ਸੇਵਾਵਾਂ ਅਤੇ ਘੱਟ ਕਿਰਾਏ ਲਈ ਸੰਪਰਕ ਕਰੋ


We Represent All Major Airline
We Will Beat Or Match Any Price
Seattle to Delhi : $785
We Issue The Ticket From India Also
Delhi Bombay Special
Ask For Detail
WE ALSO DO : * NOTARY * VISA * PASSPORT * TRANSLATION
PHONE : 253-852-1984, 253-852-1985
24 HOUR EMERGENCY SERVICE 206-370-9480
TOLL FREE : 1-800-828-8543
EMAIL : FLY@AKALTRAVEL.COM
HOURS : MON TO SAT 9AM TO 7PM AND SUN 1PMTO 6PM

Member FDIC EQUAL HOUSING LENDER SBA Preferred Lender

Best-in-Class Banking Built to Respect Your Journey

Bank of Hope SBA Loans*
- Fast decisions through PLP Lender
- Long term financing up to 25 years for real estate loans, 10 years for business loans
- Low down payments as low as 10% for real estate loans
- Fully amortized payments with no balloon payments
- Closing costs financing available for eligible applicants

*All terms and conditions are subject to underwriting and credit approval.

Bank of Hope Commercial Lending
- Commercial Loans
  - Financing for retail strip centers and apartment purchases or refinances
- Term Loan Features
  - Up to 7-year installment terms
  - Fixed monthly payments (principal & interest) with full repayment at maturity
  - Lump sum disbursement
  - Fixed or variable interest rates
- Commercial Real Estate Loans & Lines of Credit
  - Ideal for purchasing or refinancing commercial properties for business owners

Top 2% SBA Lender in the U.S. by Volume‡

Brian Kang Business Banking / SVP & PNW Business Banking Regional Director
Seattle Office (425) 921-1098 Portland Office (971) 801-6275

Scan for more Info

Bank of Hope®

‡Source: SBA national lender rankings for Fiscal Year ended 09/30/2024.

## ਟਰੰਪ ਦੀ ਚਿਤਾਵਨੀ:ਰੂਸ ਨਾਲ ਕਾਰੋਬਾਰ ਕਰਨ ਵਾਲੇ ਕਿਸੇ ਵੀ ਮੁਲਕ ਖਿਲਾਫ ਲਾਵਾਂਗੇ 'ਬਹੁਤ ਸਖਤ ਪਾਬੰਦੀਆਂ'



ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਚੇਤਾਵਨੀ ਦਿੱਤੀ ਹੈ ਕਿ ਰੂਸ ਨਾਲ ਵਪਾਰ ਜਾਂ ਕਾਰੋਬਾਰ ਕਰਨ ਵਾਲੇ ਕਿਸੇ ਵੀ ਮੁਲਕ ਨੂੰ 'ਬਹੁਤ ਸਖ਼ਤ ਪਾਬੰਦੀਆਂ' ਦਾ ਸਾਹਮਣਾ ਕਰਨਾ ਪਏਗਾ। ਟਰੰਪ ਨੇ ਇਹ ਧਮਕੀ ਅਜਿਹੇ ਮੌਕੇ ਦਿੱਤੀ ਹੈ, ਜਦੋਂ ਉਨ੍ਹਾਂ ਦੇ ਪ੍ਰਸ਼ਾਸਨ ਤੇ ਰਿਪਬਲਿਕਨ ਕਾਨੂੰਨਘਾੜੇ ਮਾਸਕੋ ਨੂੰ ਨਿਸ਼ਾਨਾ ਬਣਾਉਂਦਿਆਂ ਸਖ਼ਤ ਕਾਨੂੰਨ ਬਣਾਉਣ ਦੀ ਦਿਸ਼ਾ ਵੱਲ ਵੱਧ ਰਹੇ ਹਨ।

ਪੱਤਰਕਾਰਾਂ ਦੇ ਜਦੋਂ ਪੁੱਛਿਆ ਕਿ ਕੀ ਕਾਂਗਰਸ ਲਈ ਰੂਸ ਅਤੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ 'ਤੇ ਦਬਾਅ ਪਾਉਣ ਲਈ ਕਾਨੂੰਨ ਪਾਸ ਕਰਨ ਦਾ ਸਮਾਂ ਆ ਗਿਆ ਹੈ, ਤਾਂ ਟਰੰਪ ਨੇ ਕਿਹਾ, ''ਮੈਂ ਸੁਣਿਆ ਹੈ ਕਿ ਉਹ ਅਜਿਹਾ ਕਰ ਰਹੇ ਹਨ, ਅਤੇ ਇਹ ਮੇਰੇ ਲਈ ਠੀਕ ਹੈ।'' ਅਮਰੀਕੀ ਸਦਰ ਨੇ ਕਿਹਾ, ''ਉਹ ਕਾਨੂੰਨ ਪਾਸ ਕਰ ਰਹੇ ਹਨ... ਰਿਪਬਲਿਕਨ ਕਾਨੂੰਨ ਬਣਾ ਰਹੇ ਹਨ... ਰੂਸ ਨਾਲ ਵਪਾਰ ਕਰਨ ਵਾਲੇ ਕਿਸੇ ਵੀ ਦੇਸ਼ 'ਤੇ ਬਹੁਤ ਸਖ਼ਤ ਪਾਬੰਦੀਆਂ ਲਾਈਆਂ ਜਾਣਗੀਆਂ... ਉਹ ਇਸ ਵਿਚ ਇਰਾਨ ਨੂੰ ਸ਼ਾਮਲ ਕਰ ਸਕਦੇ ਹਨ... ਮੈਂ ਇਹ ਸੁਝਾਅ ਦਿੱਤਾ ਸੀ।''

ਕਾਬਿਲੇਗੌਰ ਹੈ ਕਿ ਟਰੰਪ ਪ੍ਰਸ਼ਾਸਨ ਨੇ ਰੂਸੀ ਤੇਲ ਖਰੀਦਣ ਬਦਲੇ ਭਾਰਤ 'ਤੇ ਜੁਰਮਾਨੇ ਵਜੋਂ 25 ਫੀਸਦ ਵਾਧੂ ਟੈਕਸ ਲਗਾਇਆ ਸੀ। ਅਮਰੀਕਾ ਇਸ ਵੇਲੇ ਭਾਰਤ ਤੋਂ ਦਰਾਮਦ ਵਸਤਾਂ 'ਤੇ 50 ਫੀਸਦ ਟੈਰਿਫ ਵਸੂਲਦਾ ਹੈ। ਸੈਨੇਟਰ ਲਿੰਡਸੇ ਗ੍ਰਾਹਮ ਵੱਲੋਂ ਪੇਸ਼ ਕੀਤੇ ਗਏ ਬਿੱਲ ਵਿਚ ਰੂਸੀ ਤੇਲ ਦੀ ਸੈਕੰਡਰੀ ਖਰੀਦ ਅਤੇ ਮੁੜ ਵਿਕਰੀ 'ਤੇ 500 ਫੀਸਦ ਟੈਰਿਫ ਦੀ ਤਜਵੀਜ਼ ਰੱਖੀ ਗਈ ਹੈ। ਇਸ ਤਜਵੀਜ਼ ਨੂੰ ਸੈਨੇਟ ਦੀ ਵਿਦੇਸ਼ੀ ਮਾਮਲਿਆਂ ਬਾਰੇ ਕਮੇਟੀ ਦੀ ਤਰਕੀਬਨ ਸਰਬਸੰਮਤੀ ਨਾਲ ਹਮਾਇਤ ਪ੍ਰਾਪਤ ਹੈ।

## ਅਮਰੀਕੀ ਉਪ ਰਾਸ਼ਟਰਪਤੀ ਨੇ ਵਿਦੇਸ਼ੀ ਕਾਮਿਆਂ ਨੂੰ ਦੱਸਿਆ 'ਸਸਤੇ ਨੌਕਰ'



ਵਾਸ਼ਿੰਗਟਨ: ਅਮਰੀਕਾ 'ਚ ਐੱਚ-1ਬੀ ਵੀਜ਼ਾ ਵਿਵਾਦ ਦੇ ਵਿਚਕਾਰ ਵਿਦੇਸ਼ੀ ਮਜ਼ਦੂਰਾਂ ਨੂੰ ਲੈ ਕੇ ਹੁਣ ਬਹਿਸ ਤੇਜ਼ ਹੋ ਗਈ ਹੈ। ਅਮਰੀਕਾ ਦੇ ਉਪ ਰਾਸ਼ਟਰਪਤੀ ਜੇ.ਡੀ. ਵੈਨਸ ਨੇ ਵਿਦੇਸ਼ੀ ਕਾਮਿਆਂ ਨੂੰ ਸਸਤੇ ਨੌਕਰ ਦਸਿਆ ਹੈ ਅਤੇ ਕਿਹਾ ਹੈ ਕਿ ਸਾਨੂੰ ਉਨ੍ਹਾਂ ਦੀ ਜ਼ਰੂਰਤ ਨਹੀਂ ਹੈ। ਵੈਨਸ ਨੇ ਵਿਰੋਧੀ ਪਾਰਟੀ ਉਤੇ ਨਿਸ਼ਾਨਾ ਵਿੰਨ੍ਹਦਿਆਂ ਕਿਹਾ ਕਿ ਡੈਮੋਕ੍ਰੇਟਸ ਦਾ ਮਾਡਲ ਘੱਟ ਤਨਖਾਹ ਵਾਲੇ ਪ੍ਰਵਾਸੀਆਂ ਨੂੰ ਦੇਸ਼ ਵਿਚ ਲਿਆਉਣ ਉਤੇ ਜ਼ੋਰ ਦਿੰਦਾ ਹੈ। ਇਸ ਨਾਲ ਅਮਰੀਕੀ ਲੋਕਾਂ ਦੀਆਂ ਨੌਕਰੀਆਂ, ਤਨਖਾਹਾਂ ਅਤੇ ਖੁਸ਼ਹਾਲੀ ਨੂੰ ਨੁਕਸਾਨ ਹੋਵੇਗਾ।

ਵੈਨਸ ਨੇ ਕਿਹਾ ਕਿ ਟਰੰਪ ਦਾ ਮਾਡਲ ਦੂਜਾ ਮਾਡਲ ਹੈ ਜੋ ਅਮਰੀਕਾ ਵਿਚ ਵਿਕਾਸ ਦੇ ਰਾਹ ਖੋਲ੍ਹੇਗਾ। ਉਨ੍ਹਾਂ ਕਿਹਾ, ਅਮਰੀਕੀ ਕਾਮਿਆਂ ਨੂੰ ਤਕਨਾਲੋਜੀ ਰਾਹੀਂ ਮਜ਼ਬੂਤ ਬਣਾਇਆ ਜਾਣਾ ਚਾਹੀਦਾ ਹੈ, ਨਾ ਕਿ ਸਸਤੇ ਵਿਦੇਸ਼ੀ ਮਜ਼ਦੂਰਾਂ ਉਤੇ ਨਿਰਭਰ ਕਰ ਕੇ।

**ਆਪਣੇ ਵਪਾਰ ਦੇ ਵਾਧੇ ਲਈ ਇਸ਼ਤਿਹਾਰ ਪਾਉਣ ਲਈ ਫੋਨ ਕਰੋ 604-590-5200**

## ਬੀ.ਬੀ.ਸੀ. ਨੇ ਰਾਸ਼ਟਰਪਤੀ ਟਰੰਪ ਕੋਲੋਂ ਲਿਖਤੀ ਮੁਆਫੀ ਮੰਗੀ

ਸੈਕਰਾਮੈਂਟੋ (ਹੁਸਨ ਲੜੋਆ ਬੰਗਾ)- ਇਕ ਦਸਤਾਵੇਜ਼ੀ ਪ੍ਰਸਾਰਨ ਵਿਚ 6 ਜਨਵਰੀ 2021 ਨੂੰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਦਿੱਤੇ ਭਾਸ਼ਣ ਨੂੰ ਗਲਤ ਢੰਗ ਨਾਲ ਪੇਸ਼ ਕਰਨ ਦੇ ਮਾਮਲੇ ਵਿਚ ਬੀ.ਬੀ.ਸੀ. ਨੇ ਲਿਖਤੀ ਰੂਪ ਵਿਚ ਮੁਆਫੀ ਮੰਗੀ ਹੈ। ਟਰੰਪ ਦੇ ਵਕੀਲਾਂ ਅਨੁਸਾਰ ਇਹ ਦਸਤਾਵੇਜ਼ੀ ਪ੍ਰਸਾਰਣ ਝੂਠਾ ਤੇ ਅਪਮਾਨ ਕਰਨ ਵਾਲਾ ਸੀ। ਬੀ.ਬੀ.ਸੀ. ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਐਤਵਾਰ ਨੂੰ ਮਿਲੇ ਇੱਕ ਪੱਤਰ ਦੇ ਜਵਾਬ ਵਿਚ ਟਰੰਪ ਦੀ ਲੀਗਲ ਟੀਮ ਨੂੰ ਮੁਆਫੀਨਾਮਾ ਭੇਜਿਆ ਗਿਆ ਹੈ। ਬੀ.ਬੀ.ਸੀ. ਮੁਖੀ ਸਮੀਰ ਸ਼ਾਹ ਨੇ ਵਾਈਟ ਹਾਊਸ ਨੂੰ ਲਿਖੇ ਇੱਕ ਵੱਖਰੇ ਨਿੱਜੀ ਪੱਤਰ 'ਚ ਰਾਸ਼ਟਰਪਤੀ ਟਰੰਪ ਨੂੰ ਸਪੱਸ਼ਟ ਕੀਤਾ ਹੈ ਕਿ ਉਹ ਤੇ ਕਾਰਪੋਰੇਸ਼ਨ ਉਨ੍ਹਾਂ ਦੇ 6 ਜਨਵਰੀ 2021 ਦੇ ਭਾਸ਼ਣ ਵਿਚ ਕੀਤੀ ਤਬਦੀਲੀ ਲਈ ਮੁਆਫੀ ਮੰਗਦੇ ਹਨ। ਬੁਲਾਰੇ ਨੇ ਦਸਤਾਵੇਜ਼ੀ ਪ੍ਰਸਾਰਣ ਅਪਮਾਨਜਨਕ ਹੋਣ ਦੀ ਦਲੀਲ ਨੂੰ ਰੱਦ ਕਰਦਿਆਂ ਕਿਹਾ ਹੈ ਕਿ ਇਸ ਦਸਤਾਵੇਜ਼ੀ ਨੂੰ ਦੁਬਾਰਾ ਕਿਸੇ ਵੀ ਬੀ.ਬੀ.ਸੀ. ਪਲੇਟਫਾਰਮ ਉਪਰ ਮੁੜ ਪ੍ਰਸਾਰਤ ਕਰਨ ਦੀ ਕੋਈ ਯੋਜਨਾ ਨਹੀਂ ਹੈ। ਜ਼ਿਕਰਯੋਗ ਹੈ ਕਿ ਟਰੰਪ ਨੇ ਮੁਆਫੀ ਨਾ ਮੰਗਣ 'ਤੇ ਬੀ.ਬੀ.ਸੀ. ਉਪਰ 1 ਅਰਬ ਡਾਲਰ ਦਾ ਮਾਣਹਾਨੀ ਦਾਅਵਾ ਕਰਨ ਦੀ ਚਿਤਾਵਨੀ ਦਿੱਤੀ ਸੀ।




**Trusted Name in Real Estate**

ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ



**GURBINDER DHALIWAL**
REAL ESTATE BROKER
Cell:425-314-2111
Email:garyd@windermere.com
garydhaliwal.withwre.com

Windermere REAL ESTATE
801 State Ave,
Marrysville, Wa 98270

HOUSE FOR SALE
12728 SE 287TH Place, Auburn, WA 98092



Nestled in a serene Cul-de-sac, this exquisite residence offers the perfect blend of comfort and sophistication. The heart of the home lies in its gourmet kitchen, where culinary dreams come to life amidst top-of-the-line appliances, sleek countertops, and ample storage. Step outside onto the covered deck, a true oasis that extends your living space. The ambiance is elevated by a cozy fireplace, providing warm and inviting atmosphere for year-round outdoor enjoyment. Venture downstairs to discover a meticulously finished basement, featuring a private one-bedroom suite and a stylishly appointed bathroom. This versatile space offers endless possibilities, whether used as a guest retreat, home office, or an entertainment hub.



**MANDEEP SANGHA**
REAL ESTATE BROKER
Cell:425-210-8985
Email:m.sangha@windermere.com
m.sangha.withwre.com

ਅਸੀਂ ਮੁਫਤ ਨੋਟਰੀ ਸੇਵਾਵਾਂ ਦਿੰਦੇ ਹਾਂ

# ਸਿੱਖ ਕਦੋਂ ਤੱਕ ਸਬਰ ਕਰਨਗੇ...?


ਜਸਪਾਲ ਸਿੰਘ

ਅਸੀਂ ਪਹਿਰੇਦਾਰ ਰਾਹੀਂ ਵਾਰ-ਵਾਰ ਦੁਹਾਈ ਦੇ ਰਹੇ ਹਾਂ, ਕੌਮ ਨੂੰ ਗਫਲਤ ਦੀ ਨੀਂਦ ‘ਚੋਂ ਜਗਾਉਣ ਦਾ ਹੋਕਾ ਦੇ ਰਹੇ ਹਾਂ ਅਤੇ ਯਾਦ ਕਰਵਾ ਰਹੇ ਹਾਂ ਕਿ ਭਗਵਾਂ ਬ੍ਰਿਗੇਡ ਨੇ ਸਿੱਖੀ ਤੇ ਸਿੱਖ ਦੀ ਹੋਂਦ । 2070 ਤੱਕ ਖਤਮ ਕਰਨ ਦੀ ਚੁਣੌਤੀ ਦਿੱਤੀ ਹੋਈ ਹੈ। ਸਿੱਖੀ ਤੇ ਸਿੱਖ ਨੂੰ ਖ਼ਤਮ ਕਰਨ ਦਾ ਅਰਥ ਇਹ ਨਹੀਂ ਕਿ ਸਾਬਤ ਸੂਰਤ ਸਿੱਖਾਂ ਦਾ ਕਤਲੇਆਮ ਕਰ ਦਿੱਤਾ ਜਾਵੇਗਾ। ਇਸ ਦਾ ਅਰਥ ਇਹ ਹੈ ਕਿ ਸਿੱਖੀ ਦੀ ਨਿਆਰੀ, ਨਿਰਾਲੀ ਸੋਚ ਨੂੰ, ਸਿੱਖੀ ਜਿਹੜੀ ਧਰਮ ਨਹੀਂ ਸਗੋਂ ਸਮੁੱਚੀ ਜੀਵਨ-ਜਾਂਚ ਹੈ, ਉਸਨੂੰ ਖ਼ਤਮ ਕਰ ਦਿੱਤਾ ਜਾਵੇਗਾ। ਜਦੋਂ ਕਿਸੇ ਸਾਬਤ ਸੂਰਤ ਸਿੱਖ ਦੀ ਸੋਚ, ਬ੍ਰਾਹਮਣਵਾਦੀ , ਹੋ ਗਈ, ਪਾਖੰਡੀ ਹੋ ਗਈ, ਆਡੰਬਰੀ ਹੋ ਗਈ, ਉਹ ਵਹਿਮਾਂ- ਭਰਮਾਂ ਦਾ ਸ਼ਿਕਾਰ ਹੋ ਗਿਆ, ਗੁਰੂ ਗ੍ਰੰਥ ਤੇ ਪੰਥ ਤੋਂ ਬਾਗ਼ੀ ਹੋ ਗਿਆ।ਉਹ ਸਿੱਖ ਨਹੀਂ ਰਹੇਗਾ।ਉਸਦੀ ਦਸਤਾਰ, ਖੁੱਲ੍ਹੇ ਦਾਹੜੇ ਤੇ ਇੱਥੋਂ ਤੱਕ ਪਹਿਨੀ ਗਾਤਰੇ ਵਾਲੀ ਕ੍ਰਿਪਾਨ ਦੇ ਵੀ ਕੋਈ ਅਰਥ ਨਹੀਂ ਰਹਿ ਜਾਣਗੇ। ਸਿੰਘ ਉਹ ਉਦੋਂ ਤੱਕ ਹੀ ਹੈ, ਜਦੋਂ ਤੱਕ ਉਹ ਨਿਆਰਾ ਹੈ ਤੇ ਗੁਰੂ ਦਾ ਪਿਆਰਾ ਹੈ। ਜਦੋਂ ਉਹ ਨਿਆਰਾਪਣ ਤਿਆਗ ਦਿੰਦਾ ਹੈ ਤਾਂ ਉਹ ਗੁਰੂ ਦਾ ਪਿਆਰਾ ਵੀ ਨਹੀਂ ਰਹਿੰਦਾ। ਗੁਰੂ ਦੀ ਪ੍ਰਤੀਤ ਗੁਆ ਕੇ ਕੋਈ ਆਪਣੇ ਆਪ ਨੂੰ ਸਿੱਖ ਜਾਂ ਸਿੰਘ ਕਿਵੇਂ ਅਖਵਾ ਸਕਦਾ ਹੈ ? ਇਸ ਲਈ ਜਦੋਂ ਕੋਈ ਸੱਚੇ ਅਰਥਾਂ ‘ਚ ਸਿੱਖ ਜਾਂ ਸਿੰਘ ਅਖਵਾਉਣ ਦੇ ਯੋਗ ਹੀ ਨਹੀਂ ਰਿਹਾ ਤਾਂ ਫ਼ਿਰ ਸਿੱਖੀ ਦਾ ਖ਼ਾਤਮਾ ਹੀ ਮੰਨਿਆ ਜਾਵੇਗਾ। ਅਸੀਂ ਵਾਰ-ਵਾਰ ਕੌਮ

ਇਹ ਹੋਕਾ ਵੀ ਦੇ ਰਹੇ ਹਾਂ ਕਿ ਭਗਵਾਂ ਬ੍ਰਿਗੇਡ ਪੜਾਅ ਦਰ ਪੜਾਅ ਸਿੱਖੀ ਦੇ ਖ਼ਾਤਮੇ ਲਈ ਅੱਗੇ ਵੱਧ ਰਹੀ ਹੈ। ਗੁਰੂ ਸਾਹਿਬ ‘ਤੇ ਹਮਲੇ, ਉੱਚ ਸਿੱਖ ਸੰਸਥਾਵਾਂ ਦਾ ਘਾਣ, ਸਿੱਖੀ ਜੁਆਨੀ ਨੂੰ ਨਸ਼ਿਆਂ, ਲੱਚਰਤਾ ਤੇ ਪਤਿਤਪੁਣੇ ਦੇ ਰਾਹ ਪਾ ਕੇ ਸਿੱਖੀ ਜੀਵਨ

ਦੂਰ ‘ ਕਰਕੇ ਖ਼ਤਮ ਕਰਨ ਦੇ ਕੋਝੇ ਯਤਨ ਨੇਪਰੇ ਚਾੜ੍ਹੇ ਜਾ ਰਹੇ ਹਨ। ਗੁਰੂ ਘਰਾਂ ‘ਚ ਬ੍ਰਾਹਮਣੀ ਕਰਮ-ਕਾਂਡਾਂ ਦਾ ਬੋਲ-ਬਾਲਾ ਕਰਵਾਇਆ ਜਾ ਰਿਹਾ ਹੈ। ਸਿੱਖੀ ‘ਤੇ ਬ੍ਰਹਾਮਣਵਾਦ ਦਾ ਰੰਗ ਚਾੜ੍ਹਨ ਤੇ ਉਸਨੂੰ ਗੂੜ੍ਹਾ ਕਰਨ ਲਈ ਸਿੱਖਾਂ ਨੂੰ ਹਿੰਦੂ ਧਰਮ ਦਾ ਅੰਗ ਦੱਸਿਆ ਜਾ ਰਿਹਾ ਹੈ। ਸਿੱਖਾਂ ਨੂੰ ਹਿੰਦੂ ਧਰਮ ਦਾ ਹਿੱਸਾ ਦੱਸਣ ਵਾਲੀ ਭਾਰਤੀ ਸੰਵਿਧਾਨ ਦੀ ਧਾਰਾ 25ਬੀ ਨੂੰ ਖ਼ਤਮ ਨਹੀਂ ਕੀਤਾ ਜਾ ਰਿਹਾ ਹੈ। ਕਦੇ ੴ ਤੇ ਓਮ ਦੀ ਸਾਂਝ ਸਥਾਪਿਤ ਕੀਤੀ ਜਾਂਦੀ ਹੈ।ਕਿਤੇ ਬ੍ਰਹਮਾ, ਵਿਸਨੂੰ, ਮਹੇਸ਼ ਨੂੰ ਸਿੱਖ ਧਰਮ ‘ਤੇ ਥੋਪਿਆ ਜਾਂਦਾ ਹੈ। ਜਦੋਂ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਾਢੇ ਤਿੰਨਵੀਂ ਸ਼ਤਾਬਦੀ ਮਨਾਈ ਗਈ ਤਾਂ ਦਸਮੇਸ਼ ਪਿਤਾ ਨੂੰ ਪਰਸ਼ੂਰਾਮ ਦਾ ਅਵਤਾਰ ਪ੍ਰਚਾਰਿਆ ਗਿਆ। ਸਿੱਖਾਂ ਦੇ ਮਨਾਂ ‘ਚ ਸਿੱਖੀ ਦੀ ਨਿਆਰੀ-ਨਿਰਾਲੀ ਹੋਂਦ ਦਾ ਸੰਕਲਪ ਖ਼ਤਮ ਕਰਨ ਲਈ, ਉਸਨੂੰ ਹਿੰਦੂ ਮਿਥਿਹਾਸ ਨਾਲ ਨਰੜਨ ਦਾ ਹਰ ਹੀਲਾ- ਵਸੀਲਾ ਵਰਤਿਆ ਜਾਂਦਾ ਹੈ। ਬਹੁਤੇ ਸਿੱਖ ਪ੍ਰਚਾਰਕਾਂ ਤੋਂ ਹਿੰਦੂ ਦੇਵੀ ਦੇਵਤਿਆਂ ਦੀ ਮਨੋਕਲਪਿਤ ਕਹਾਣੀਆਂ ਸਿੱਖ ਸੰਗਤਾਂ ਨੂੰ ਆਏ ਦਿਨ ਸੁਣਾ-ਸੁਣਾ ਕੇ ਉਨ੍ਹਾਂ ਤੇ ਹਿੰਦੂਵਾਦੀ ਰੰਗ ਨੂੰ ਗੂੜ੍ਹਾ ਕਰਨ ਦੇ ਕੋਝੇ ਤੇ ਖ਼ਤਰਨਾਕ ਯਤਨ ਹੋ ਰਹੇ ਹਨ। ਸਿੱਖੀ ਅਜ਼ਾਦ ਸੋਚ ਦੀ ਹਸਤੀ ਹੈ, ਸ਼ਕਤੀ ਹੈ। ਜਿਸ ਸਿੱਖ ਦੀ ਸੋਚ ਗ਼ੁਲਾਮ ਹੋ ਗਈ, ਫਿਰ ਉਹ ਸਿੱਖ ਨਹੀਂ ਰਹਿੰਦਾ। ਹਿੰਦੂਵਾਦੀ ਤਾਕਤਾਂ ਦੇ ਸਿੱਖੀ ਨੂੰ ਹੜੱਪਣ ਲਈ ਆਰੰਗੋਂ ਇਨ੍ਹਾਂ ਖ਼ਤਰਨਾਕ ਕਾਰਿਆਂ ਕਾਰਣ ਹੀ ਅੱਜ ਦਾ ਸਿੱਖ ਮੁੜ ਕਰਮਕਾਂਡੀ ਹੋ ਗਿਆ। ਹਰ ਡੇਰੇ ਤੇ, ਹਰ ਮਜ਼ਾਰ ‘ਤੇ, ਹਰ ਜਗਰਾਤੇ ‘ਤੇ, ਹਰ ਤਾਂਤਰਿਕ-ਜੋਤਸ਼ੀ ਦੀ ਦੁਕਾਨ ‘ਤੇ ਸਿੱਖਾਂ ਅਤੇ ਖ਼ਾਸ ਕਰਕੇ ਅੰਮ੍ਰਿਤਧਾਰੀ ਸਿੱਖਾਂ ਦੀਆਂ ਲੰਬੀਆਂ ਕਤਾਰਾਂ ਲੱਗਣ ਲੱਗ ਪਈਆਂ ਹਨ। ਇਹ ਸਿੱਖ ਜਦੋਂ ਗੁਰਬਾਣੀ ਸੁਣਦੇ ਹੀ ਨਹੀਂ, ਗੁਰਬਾਣੀ ਦੀ ਥਾਂ ਉਨ੍ਹਾਂ ਨੂੰ ਮਿਥਿਹਾਸਕ ਕਹਾਣੀਆਂ ਤੇ ਬਾਬਾ ਜੀ ਆਹ, ਬਾਬਾ ਜੀ ਔਹ ਕਹਿੰਦੇ ਹੀ ਸੁਣਿਆ ਜਾਂਦਾ ਹੈ ਤਾਂ ਉਸਨੂੰ ‘ਇਕ ਨੂੰ ਛੱਡ ਕੇ ਦੂਜੇ ਦੇ ਲੜ੍ਹ ਲੱਗਣ ਵਾਲੇ ਦੇ” ਡੁੱਬਣ ਬਾਰੇ ਕਿਵੇਂ ਪਤਾ ਲੱਗੇਗਾ ? ਪਰਸ਼ੂ ਰਾਮ ਦੀ ਤੁਲਨਾ, ਦਸਮੇਸ਼ ਪਿਤਾ ਨਾਲ ਕਰਨਾ, ਸਰਬੰਸ ਦੇ ਦਾਨੀ ਨੂੰ ਪਰਸ਼ੂਰਾਮ ਦਾ ਅਵਤਾਰ ਦੱਸਣਾ, ਸਿੱਖੀ ਦੇ ਨਿਆਰੇ ਨਿਰਾਲੇ ਮਹੱਲ ਦੀਆਂ ਨੀਹਾਂ ਨੂੰ ਖੋਰਾ ਲਾਉਣਾ ਹੈ। ਸੁਆਮੀ ਵਿਵੇਕਾ ਨੰਦ ਦੀ ਇਨਕਲਾਬੀ ਸਿੱਖ ਧਰਮ ਦੇ ਗੁਰੂ ਸਾਹਿਬਾਨ ਨਾਲ ਤੁਲਨਾ ਕਰਨੀ, ਸਿਰਫ਼ ਸਿੱਖਾਂ ਨੂੰ ਚਿੜਾਉਣ ਵਾਲੀ ਗੱਲ ਹੈ, ਪ੍ਰੰਤੂ ਜਿਸ ‘ ਤਰ੍ਹਾਂ ਗਿਆਨੀ ਦਿੱਤ ਸਿੰਘ ਨੇ ਸੁਆਮੀ ਦਇਆ ਨੰਦ ਦੀ ਤਿੰਨ ਵਾਰੀ ਗੁਰੂ ਸਾਹਿਬ ਦੇ ਮੁੱਦੇ ਤੇ ਗੋਡਣੀ ਲੁਆਈ ਸੀ, ਉਹੋ ਹਾਲ ਸੁਆਮੀ ਵਿਵੇਕਾ ਦੀ ਨੰਦ ਦੀ ਸੋਚ, ਸਿਧਾਂਤਾਂ ਤੇ ਜੀਵਨ ਜਾਂਚ ਦਾ ਦਸ਼ਮੇਸ਼ ਦੇ ਇਨਕਲਾਬੀ ਵਰਤਾਰੇ ਅੱਗੇ ਹੈ। ਪ੍ਰੰਤੂ ਹਿੰਦੂਵਾਦੀ ਤਾਕਤਾਂ ਜਾਣ ਬੁੱਝ ਕੇ ਸਿੱਖਾਂ ਦੀ ਮਾਨਸਿਕਤਾ ਨੂੰ ਦੇਵੀ ਦੇਵਤਿਆਂ ਦਾ ਤੜਕਾ ਲਾ ਕੇ ਬੀਮਾਰ ਕਰਨਾ ਚਾਹੁੰਦੀਆਂ ਹਨ। ਜਿਹੜੇ ਗੁਰੂ ਸਾਹਿਬਾਨ ਨੇ ਹਿੰਦੂਆਂ ਦੇ ਦੇਵੀ ਦੇਵਤਿਆਂ ਨੂੰ ਪੂਜਣ ਤੇ ਧਿਆਉਣ ਤੋਂ, ਮੰਨਣ ਤੋਂ ਕੋਰਾ ਹੀ ਨਹੀਂ ਸਗੋਂ ਸਖ਼ਤੀ ਨਾਲ ਇਨਕਾਰ ਕੀਤਾ ਹੈ। ਫਿਰ ਵੀ ਜੇ ਕੋਈ ਉਨ੍ਹਾਂ ਗੁਰੂ ਸਾਹਿਬਾਨ ਨੂੰ ‘ ਹਿੰਦੂ ਮਿਥਿਹਾਸ ਦੇ ਦੇਵੀ-ਦੇਵਤਿਆਂ ਦੇ ਅਵਤਾਰ ਦੱਸੀ ਜਾਵੇ ਤਾਂ ਉਸਦੀ ਅਕਲ ‘ਤੇ ਸ਼ੰਕਾ ਹੋਣੀ ਜ਼ਰੂਰੀ ਹੈ। ਜਾਂ ਤਾਂ ਉਹ ਲੋੜ ਤੋਂ ਬੌਧ ਚਲਾਕ ਹੈ ਜਾਂ ਫਿਰ ਨਿਰਾ ਮਿੱਧੜ, ਅਸੀਂ ਜਾਣਦੇ ਹਾਂ ਕਿ ਭਗਵਾਂ ਬ੍ਰਿਗੇਡ ਸਿੱਧੜ ਹੀ ਨਹੀਂ, ਮਕਾਰ, ਚਲਾਕ ਤੇ ਦੂਰਅੰਦੇਸ਼ ਲੋਕਾਂ ਦਾ ਜਮਾਵੜਾ ਹੈ। ਆਰ.ਐਸ.ਐਸ ਅਤੇ ਭਾਜਪਾ ਸਿਆਸੀ ਖੇਡ ਖੇਡਣ ਦੇ ਨਾਲ-ਨਾਲ ਸਿੱਖਾਂ ਨੂੰ ਇਹ ਅਹਿਸਾਸ ਵੀ ਕਰਵਾਉਣਾ ਚਾਹੁੰਦੀ ਹੈ ਕਿ ਤੁਹਾਡੀ ਅਜ਼ਾਦ ਹੋਂਦ ਨਹੀਂ, ਤੁਹਾਡੇ ਗੁਰੂ ਸਾਡੇ ਪੂਰਵਜ਼ਾਂ ਦਾ ਹੀ ਹਿੱਸਾ ਹਨ। ਪ੍ਰੰਤੂ ਉਨ੍ਹਾਂ ਨੂੰ ਜਦੋਂ ਕੋਈ ਇਹ ਪੁੱਛਗਾ ਕਿ ਇਹ ਸਾਂਝ ਦਰਬਾਰ ਸਾਹਿਬ ‘ਤੇ ਹਮਲੇ ਸਮੇਂ ਕਿੱਥੇ ਸੀ ? ਨਵੰਬਰ 1984 ਦੇ ਸਿੱਖ ਕਤਲੇਆਮ ਸਮੇਂ ਕਿੱਥੇ ਸੀ ? ਗੁਰੂ ਸਾਹਿਬ ਦੀ ਨਿਰੰਤਰ ਹੋ ਰਹੀ ਬੇਅਦਬੀ ਰੋਕਣ ਲਈ ਸਰਕਾਰਾਂ ਨੇ ਕੁਝ ਕਿਉਂ ਨਹੀਂ ਕੀਤਾ ? ਇਨ੍ਹਾਂ ਸਵਾਲਾਂ ਦੇ ਜਵਾਬ ਕੌਣ ਦੇਵੇਗਾ ? ਇਨ੍ਹਾਂ ਸਰਕਾਰਾਂ ਨੂੰ ਇਹ ਭੁੱਲ ਚੁੱਕਿਆ ਹੈ ਕਿ ਅੰਗ ਨਾਲ ਖੇਡਣਾ ਹਮੇਸ਼ਾਂ ਖ਼ਤਰਨਾਕ ਹੁੰਦਾ ਹੈ, ਸਿੱਖਾਂ ਦੇ ਅੱਲੇ ਜ਼ਖ਼ਮਾਂ ‘ਤੇ ਲੂਣ ਛਿੜਕਣਾ, ਅੱਗ ਨਾਲ ਖੇਡਣਾ ਹੈ, ਇਸ ਸੱਚ ਤੇ ਤੱਥ ਭਗਵਾਂ ਬ੍ਰਿਗੇਡ ਨੂੰ ਤੁਰੰਤ ਸਮਝ ਲੈਣਾ ਚਾਹੀਦਾ ਹੈ। ਕਿਉਂਕਿ ਸਬਰ ਦਾ ਬਹੁਤਾ ਲੰਮਾ ਇਮਤਿਹਾਨ ਲੈਣਾ ਵੀ ਕਈ ਵਾਰ ਖ਼ਤਰਨਾਕ ਸਾਬਤ ਹੋ ਜਾਂਦਾ ਹੈ।


GAUTAM & ASSOCIATES
TRIAL LAWYERS




OUR AREAS OF EXPERTISE
*PERSONAL INJURY LAW *PROHIBITIONS *FAMILY LAW
*VISA REFUSALS *CIVIL AND COMMERCIAL
*IMMEDIATE ROADSIDE *LITIGATION *WILLS AND ESTATES

ਅੱਜ ਹੀ ਸੰਪਰਕ ਕਰੋ
604-593-5310
Email:dkgautam@galawyers.ca
#210-8028-128St, Surrey, BC

BADH & REJMINIAK LLP

ਅਸੀਂ ਪੰਜਾਬੀ/ਹਿੰਦੀ ਅਤੇ ਅੰਗਰੇਜੀ ਵਿਚ ਸੇਵਾਵਾਂ ਪ੍ਰਦਾਨ ਕਰਦੇ ਹਾਂ

Areas of Practice
We provide Legal Services in the following areas:
- Civil Litigation
- Immigration
- Family Law
- Business Law
- Real Estate Transactions
- Notarization & Certification

ਅਸੀਂ ਹੇਠ ਲਿਖੇ ਖੇਤਰਾਂ ਵਿਚ ਕਾਨੂੰਨੀ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਸਿਵਲ ਮੁਕੱਦਮਾ
- ਇੰਮੀਗ੍ਰੇਸ਼ਨ
- ਫੈਮਿਲੀ ਲਾਅ
- ਬਿਜਨਸ ਲਾਅ
- ਰੀਅਲ ਐਸਟੇਟ ਲੈਣ ਦੇਣ
- ਨੋਟਰੀ ਸੇਵਾਵਾਂ/ਫਾਰਮ ਤਸਦੀਕ ਕਰਨਾ






Ph: 604-503-3132
Fax:604-503-3133
Web:www.bnrlaw.ca

Gurpreet Badh, BSc, LLB
Barrister & Solicitor

#2006-7495, 132 St, Surrey, BC V3W 1J8

# ਅਸੀਂ ਕਿਉਂ ਪਿੱਛੇ ਰਹੀਏ...?

ਹਾਕਮ ਧਿਰਾਂ ਲਈ ਭਾਰਤ ਹਮੇਸ਼ਾ ਲੁੱਟ ਦਾ ਮਾਲ ਰਿਹਾ ਹੈ, ਪਹਿਲਾਂ ਵਿਦੇਸ਼ੀ ਧਾੜਵੀ ਤੇ ਗੋਰੇ ਹੁਕਮਰਾਨਾਂ ਨੇ ਇਸਨੂੰ ਰੱਜ ਕੇ ਲੁੱਟਿਆ ਤੇ ਕੁੱਟਿਆ ਤੇ ਹੁਣ 'ਕਾਲੇ ਹੁਕਮਰਾਨ' ਇਸਨੂੰ ਦੋਹੀਂ ਹੱਥੀਂ ਲੁੱਟਣ ਲੱਗੇ ਹੋਏ ਹਨ ਅਤੇ ਇੱਕ ਵਾਰ ਸੱਤਾ ਦੀ ਕੁਰਸੀ 'ਤੇ ਬੈਠਣ ਵਾਲਾ ਆਪਣੀਆਂ ਸੌਤਾਂ ਪੀੜ੍ਹੀਆਂ ਦੀ ਭੁੱਖ ਕੱਢ ਜਾਂਦਾ ਹੈ। ਭ੍ਰਿਸ਼ਟਾਚਾਰ ਤੇ ਘਪਲੇ ਦੇ ਚੈਂਪੀਅਨ, ਰਾਜਸੀ ਆਗੂ, ਭ੍ਰਿਸ਼ਟਾਚਾਰ ਤੇ ਘਪਲੇ ਕਰਨ ਨੂੰ ਆਪਣਾ ਜੀਵਨ ਸਿੱਧ ਅਧਿਕਾਰ ਮੰਨਣ ਲੱਗ ਪਏ ਹਨ, ਕਿਉਂਕਿ ਦੇਸ਼ ਦੀ ਜਨਤਾ ਦੀ ਯਾਦ ਸ਼ਕਤੀ ਦੇ ਕਮਜ਼ੋਰ ਹੋਣ ਦਾ, ਉਨ੍ਹਾਂ ਨੂੰ ਪਤਾ ਲੱਗ ਚੁੱਕਾ ਹੈ, ਇਸ ਲਈ ਉਹ ਬੇਖ਼ੌਫ ਹੋ ਕੇ ਲੁੱਟ ਮਚਾਉਂਦੇ ਹਨ, ਫਿਰ ਲੁੱਟ ਦੇ ਮਾਲ 'ਚੋਂ ਥੋੜ੍ਹਾ ਜਿਹਾ ਹਿੱਸਾ ਚੋਣਾਂ 'ਚ ਖਰਚ ਕੇ ਮੁੜ ਤੋਂ ਉਸੇ । ਕੁਰਸੀ ਤੇ ਆ ਬੈਠਦੇ ਹਨ। ਘਪਲਿਆਂ ਦੇ ਹਮਾਮ 'ਚ ਲਗਭਗ ਸਾਰੇ ਹੀ ਨੰਗੇ ਹਨ, ਕਾਂਗਰਸ, ਭਾਜਪਾ ਸਮੇਤ ਦੂਜੀਆਂ, ਰਾਜਸੀ ਧਿਰਾਂ ਦੇ ਵੱਖ-ਵੱਖ ਆਗੂ ਕਿਸੇ ਨਾ ਕਿਸੇ ਘਪਲੇ 'ਚ ਲਿਬੜੇ ਹੋਏ ਹਨ। ਆਮ ਆਦਮੀ ਪਾਰਟੀ ਜਿਹੜੀ ਆਮ ਲੋਕਾਂ ਦੀ ਪਾਰਟੀ ਹੋਣ ਦਾ ਹੋਕਾ ਦੇ ਕੇ ਸੱਤਾ ਵਿੱਚ ਆਈ ਸੀ, ਉਹ ਵੀ ਹੁਣ ਆਪਣੀਆਂ ਤਮਾਮ ਹਰਕਤਾਂ ਨਾਲ ਲੋਕਾਂ ਦੀ ਕਚਹਿਰੀ ਵਿੱਚ ਨੰਗੀ ਹੋ ਚੁੱਕੀ ਹੈ। ਇਸ ਲਈ ਭਾਵੇਂ ਕੋਈ ਆਪਣੀ ਪੀੜ੍ਹੀ ਥੱਲੇ ਸੋਟਾ ਫੇਰਨ ਦਾ ਯਤਨ ਨਹੀਂ ਕਰਦਾ, ਪ੍ਰੰਤੂ । ਦੂਜੇ ਨੂੰ ਪੂਰਾ ਨੰਗਾ ਕਰਨ ਤੋਂ ਪਿੱਛੇ ਨਹੀਂ ਹੱਟਦੇ। ਅਜਿਹਾ ਕਰਦੇ ਹੋਏ ਵੀ ਉਨ੍ਹਾਂ ਨੂੰ ਆਪਣੀਆਂ ਕਰਤੂਤਾਂ ਯਾਦ ਨਹੀਂ ਆਉਂਦੀਆਂ ਕਿ ਕੱਲ੍ਹ ਨੂੰ ਇਹ 'ਕੁੱਤੇਖਾਣੀ' ਮੇਰੇ ਨਾਲ ਵੀ ਹੋ ਸਕਦੀ ਹੈ। ਅਸਲ 'ਚ ਜਿਸ ਤਰ੍ਹਾਂ ਕਿਸੇ ਦੀ ਮੌਤ ਤੇ ਮਨੁੱਖ ਆਪਣੀ ਹੋਣੀ ਦਾ ਅਹਿਸਾਸ ਨਹੀਂ ਕਰਦਾ, ਉਸੇ ਤਰ੍ਹਾਂ ਇਹ ਭ੍ਰਿਸ਼ਟ ਆਗੂ, ਦੂਜੇ ਭ੍ਰਿਸ਼ਟ ਲੀਡਰ ਦਾ ਮੂੰਹ ਕਾਲਾ ਹੋਣ 'ਤੇ ਆਪਣੇ ਬਾਰੇ ਸ਼ਾਇਦ ਇਸ ਕਾਰਣ ਨਹੀਂ ਸੋਚਦੇ ਕਿਉਂਕਿ ਸੱਤਾ ਵਿੱਚ ਹੁੰਦੇ ਹੋਏ ਇਨ੍ਹਾਂ ਨੂੰ ਲੱਗਦਾ ਹੈ ਕਿ ਆਪਾਂ ਕਿਹੜਾ ਫੜ੍ਹੇ ਜਾਣਾ ਹੈ। ਸੱਤਾ ਹੁਣ ਲੋਕ ਸੇਵਾ ਦੀ ਥਾਂ ਸਿਰਫ਼ ਤੇ ਸਿਰਫ਼ ਲਿਟ ਦਾ ਸਰਕਾਰੀ ਲਾਇਸੈਂਸ" ਬਣ ਕੇ ਰਹਿ ਗਈ ਹੈ ਅਤੇ ਹਰ ਇੱਕ ਇਨਸਾਨ ਦਾ ਸਿਆਸਤ 'ਚ ਆਉਣ ਦਾ ਨਿਸ਼ਾਨਾ ਆਪਣਾ ਘਰ ਭਰਨਾ ਵੀ ਬਣ ਗਿਆ ਹੈ। ਪਹਿਲਾਂ ਦੇਸ਼ ਦੇ ਰਾਜਸੀ ਆਗੂਆਂ ਦੇ ਵੱਡੇ-ਵੱਡੇ ਘਪਲਿਆਂ 'ਚ ਪੰਜਾਬ ਦੇ ਰਾਜਸੀ ਆਗੂਆਂ ਦੀ "ਬੇਈਮਾਨੀ" ਜੱਗ ਚਰਚਾ ਦਾ ਹਿੱਸਾ ਬਣਨ ਤੋਂ ਰਹਿ ਜਾਂਦੀ ਸੀ, ਪਰ ਹੁਣ ਸੋਸ਼ਲ ਮੀਡੀਆ ਦਾ ਯੁੱਗ ਹੈ ਤੇ ਹਰ ਇੱਕ ਗੱਲ ਤੇ ਖ਼ਬਰ ਬਾਹਰ ਆਉਂਦਿਆਂ ਹੀ ਅੱਗ ਵਾਂਗ ਫੈਲਦੀ ਹੈ, ਇਸੇ ਕਾਰਨ ਹੁਣ ਪੰਜਾਬ ਦੇ ਲੀਡਰਾਂ ਦੀ ਘਪਲੇਬਾਜ਼ੀ ਵੀ ਜਗ ਜ਼ਾਹਿਰ ਹੋਣੀ ਸ਼ੁਰੂ ਹੋ ਚੁੱਕੀ ਹੈ, ਚਾਹੇ ਉਹ ਕਿਸੇ ਵੀ ਪਾਰਟੀ ਦਾ ਹੀ ਕਿਉਂ ਨਾ ਹੋਵੇ। ਬਾਕੀ ਪਾਰਟੀਆਂ ਜਿਵੇਂ ਅਕਾਲੀ ਦਲ, ਕਾਂਗਰਸ ਦੇ ਕਈ ਆਗੂਆਂ ਨੂੰ ਤਾਂ ਜੇਲ੍ਹ ਯਾਤਰਾ ਇਸ ਆਮ ਤੋਂ ਖਾਸ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕਰਵਾ ਦਿੱਤੀ ਹੈ ਪਰ ਇਹ ਕਿਉਂ ਭੁੱਲ ਜਾਂਦੇ ਹਨ ਕਿ 'ਕਦੇ ਦਾਦੇ ਦੀਆਂ ਤੇ ਕਦੇ ਪੋਤੇ ਦੀਆਂ' ਕਹਾਵਤ ਪੰਜਾਬ ਵਿੱਚ ਆਮ ਪ੍ਰਚਲਿਤ ਹੈ ਤੇ ਵਾਰੀ ਇਨ੍ਹਾਂ ਦੀ ਵੀ ਆ ਸਕਦੀ ਹੈ। ਲੋਭੀ ਲੋਕਾਂ ਦਾ ਢਿੱਡ ਹੱਕ ਹਲਾਲ ਦੀ ਕਮਾਈ ਨਾਲ ਨਾਲ ਵੀ ਨਹੀਂ ਕਰਦਾ, ਉਹ ਹੋਰ ਕਮਾਈ ਲਈ ਆਪਣੇ ਰਾਜਸੀ ਰੁਤਬੇ ਦੀ ਦੁਰਵਰਤੋਂ ਕਰਦੇ ਹਨ ਅਤੇ ਸਰਕਾਰੀ ਰਿਆਇਤਾਂ ਤੋਂ ਨਾਜਾਇਜ਼ ਲਾਹਾ ਖੱਟਦੇ ਹਨ। ਸਰਕਾਰੀ ਖ਼ਜ਼ਾਨੇ ਨੂੰ ਚੂਨਾ ਲਾਉਣ, ਲੋਕਾਂ ਨੂੰ ਲੁੱਟਣ ਤੋਂ ਕੋਈ ਵੀ ਗੁਰੇਜ਼ ਨਹੀਂ ਕਰਦਾ, ਬੱਸ ਮੌਕਾ ਮਿਲਣਾ ਚਾਹੀਦਾ ਹੈ। ਜਿਸ ਤਰ੍ਹਾਂ ਭ੍ਰਿਸ਼ਟਾਚਾਰ ਤੇ ਘਪਲਿਆਂ ਦਾ ਬੋਲ-ਬਾਲਾ ਆਮ ਹੁੰਦਾ ਜਾ ਰਿਹਾ ਹੈ ਅਤੇ ਰੋਟੀ ਦੇ ਜੁਗਾੜ 'ਚ ਗੁੰਝਿਆ ਆਮ ਆਦਮੀ ਆਪਣੀ ਲੁੱਟ, ਚੁੱਪ-ਚਾਪ ਵੇਖ ਕੇ ਭੁੱਲ ਜਾਂਦਾ ਹੈ, ਇਸ ਧਾਰਣਾ ਤੇ ਵਰਤਾਰੇ ਨੂੰ ਬਦਲੇ ਬਿਨਾਂ ਰਾਜਸੀ ਲੋਕਾਂ ਦੀ 'ਲੋਕ ਕੁੱਖ' ਨੂੰ ਦੂਰ ਨਹੀਂ ਕੀਤਾ ਜਾ ਸਕੇਗਾ। ਜਦੋਂ ਦੇਸ਼ ਦੇ ਆਮ ਲੋਕ ਹਿਸਾਬ ਮੰਗਣ ਲੌਂਗ ਪੈਣਗੇ ਅਤੇ ਦਾਗ਼ੀ ਆਗੂਆਂ ਦਾ ਰਾਜਸੀ ਮੈਦਾਨ 'ਚੋਂ ਮੁਕੰਮਲ ਸਫ਼ਾਇਆ ਕਰ ਦਿੱਤਾ ਜਾਵੇਗਾ, ਤਦ ਹੀ ਹਰ ਪੱਧਰ ਤੇ ਫੈਲੇ ਹੋਏ ਭ੍ਰਿਸ਼ਟਾਚਾਰ ਨੂੰ ਮਾੜੀ-ਮੋਟੀ ਠੱਲ੍ਹ ਪੈ ਸਕੇਗੀ। ਜਾਂਚ ਜਾਂ ਇੱਕ ਦੋ ਨੂੰ ਟੰਗਣ ਨਾਲ ਇਸ ਭਿਆਨਕ ਰੋਗ ਦਾ ਇਲਾਜ ਨਹੀਂ ਹੋਣਾ, ਇਹ ਸਿਰਫ਼ ਸਰਕਾਰਾਂ ਨੇ ਭਰਮ ਪਾਉਣ ਦਾ ਤਰੀਕਾ ਲੱਭਿਆ ਹੋਇਆ ਹੈ। ਲੋਕਾਂ ਨੂੰ ਹੀ ਆਪਣੀ ਇਸ ਲੁੱਟ ਬਾਰੇ ਸੁਚੇਤ ਹੋਣਾ ਪਵੇਗਾ, ਨਹੀਂ ਤਾਂ ਫਿਰ ਉੱਧਰ ਸਵਿਸ ਬੈਂਕ 'ਚ ਭਾਰਤੀ ਲੀਡਰਾਂ ਦੀਆਂ ਤਿਜੌਰੀਆਂ ਇਸ ਤਰ੍ਹਾਂ ਦਿਨੋ ਦਿਨ ਭਰਦੀਆਂ ਰਹਿਣਗੀਆਂ ਤੇ ਇਧਰ ਦੇਸ਼ 'ਚ ਮਹਿੰਗਾਈ, ਭੁੱਖਮਰੀ, ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ ਵੱਧਦਾ ਰਹੇਗਾ।

ਸ਼ਬਦੀਪ ਸਿੰਘ ਹੇਰਾਂ

# ਕਤਲ ਦੇ ਦੋਸ਼ 'ਚ ਲੋੜੀਂਦਾ ਭਾਰਤੀ ਨਾਗਰਿਕ ਅਮਰੀਕਾ 'ਚ ਗ੍ਰਿਫ਼ਤਾਰ

ਨਿਊਯਾਰਕ- ਯੂ.ਐੱਸ. ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਅਧਿਕਾਰੀਆਂ ਨੇ ਬਫਲੋ ਦੇ ਨਜ਼ਦੀਕ ਪੀਸ ਬ੍ਰਿਜ ਬਾਰਡਰ ਕਰਾਸਿੰਗ 'ਤੇ ਇੱਕ ਭਾਰਤੀ ਨਾਗਰਿਕ ਨੂੰ ਗ੍ਰਿਫ਼ਤਾਰ ਕੀਤਾ, ਜੋ ਕਿ ਭਾਰਤ ਵਿਚ ਕਤਲੋਗਾਰਤ ਲਈ ਲੋੜੀਂਦਾ ਸੀ।ਸੀ.ਬੀ.ਪੀ. ਅਧਿਕਾਰੀਆਂ ਨੇ 22 ਸਾਲਾ ਭਾਰਤੀ ਨਾਗਰਿਕ ਵਿਸਤ ਕੁਮਾਰ ਨੂੰ ਅਮਰੀਕਾ ਤੋਂ ਕੈਨੇਡਾ ਦਾਖਲ ਹੋਣ ਮੌਕੇ ਗ੍ਰਿਫ਼ਤਾਰ ਕੀਤਾ। ਵਿਸਤ ਕੁਮਾਰ 2024 'ਚ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ 'ਚ ਦਾਖਲ ਹੋਇਆ ਸੀ ਅਤੇ ਇਥੇ ਉਸ ਨੇ ਅਸਾਇਲਮ ਲਈ ਅਪਲਾਈ ਕੀਤਾ ਸੀ। ਪਰ ਉਹ ਇੰਟਰਵਿਊ 'ਚ ਹਾਜ਼ਰ ਨਹੀਂ ਹੋਇਆ। ਉਸ ਨੇ ਸੈਕੰਡਰੀ ਨਿਰੀਖਣ ਦੌਰਾਨ ਆਪਣੀ ਪਛਾਣ ਛੁਪਾਉਣ ਦੀ ਕੋਸ਼ਿਸ਼ ਕੀਤੀ। ਬਾਇਓਮੈਟ੍ਰਿਕ ਤਕਨਾਲੋਜੀ ਨੇ ਉਸਦੀ ਅਸਲ ਪਛਾਣ ਦੀ ਪੁਸ਼ਟੀ ਕੀਤੀ, ਜਿਸ ਤੋਂ ਪਤਾ ਚੱਲਿਆ ਕਿ ਉਸਨੇ ਇੱਕ ਗਲਤ ਨਾਮ ਅਤੇ ਜਨਮ ਮਿਤੀ ਦੀ ਵਰਤੋਂ ਕੀਤੀ ਸੀ। ਹੋਰ ਜਾਂਚ ਤੋਂ ਪਤਾ ਲੱਗਿਆ ਕਿ ਕੁਮਾਰ ਭਾਰਤ ਵਿਚ ਕਤਲ ਲਈ ਲੋੜੀਂਦਾ ਸੀ, ਜਿਵੇਂ ਕਿ ਇੰਟਰਪੋਲ ਰੈੱਡ ਨੋਟਿਸ ਦੁਆਰਾ ਦਰਸਾਇਆ ਗਿਆ ਹੈ।ਕਾਰਜਕਾਰੀ ਏਰੀਆ ਪੋਰਟ ਡਾਇਰੈਕਟਰ ਸ਼ੈਰਨ ਸਵੈਟੇਕ ਨੇ ਕਿਹਾ ਕਿ ਵਿਸਤ ਕੁਮਾਰ ਨੂੰ ਇੰਟਰਪੋਲ ਰਾਹੀਂ ਜਲਦ ਭਾਰਤ ਵਾਪਸ ਭੇਜਿਆ ਜਾਵੇਗਾ। ਪਰ ਉਸ ਤੋਂ ਪਹਿਲਾਂ ਉਸ ਦੇ ਗੰਭੀਰ ਅਪਰਾਧਾਂ ਨੂੰ ਦੇਖਦੇ ਹੋਏ ਉਸ 'ਤੇ ਇਥੇ ਵੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਇਸ ਮਿਸ਼ਨ 'ਤੇ ਅਮਰੀਕੀ ਅਧਿਕਾਰੀਆਂ ਦੀ ਚੌਕਸੀ ਦੀ ਸ਼ਲਾਘਾ ਕੀਤੀ। ਕੁਮਾਰ ਇਸ ਸਮੇਂ ਨਿਊਯਾਰਕ ਦੀ ਬਟਾਵੀਆ ਦੀ ਫੈਡਰਲ ਨਜ਼ਰਬੰਦੀ 'ਚ ਬੰਦ ਹੈ।

# ਉੱਤਰੀ ਕੈਰੋਲੀਨਾ 'ਚ ਪ੍ਰਵਾਸੀਆਂ ਨੂੰ ਫੜਨ ਲਈ ਛਾਪੇਮਾਰੀ ਕਾਰਨ ਸਹਿਮ ਦਾ ਮਹੌਲ

ਸੈਕਰਾਮੈਂਟੋ (ਹੁਸਨ ਲੜੋਆ ਬੰਗਾ)-ਉੱਤਰੀ ਕੈਰੋਲੀਨਾ ਦੇ ਸਭ ਤੋਂ ਵੱਡੇ ਸ਼ਹਿਰ ਚਾਰਲੋਟੇ ਵਿਚ ਇਮੀਗ੍ਰੇਸ਼ਨ ਇਨਫੋਰਸਮੈਂਟ ਵੱਲੋਂ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਫੜਨ ਲਈ ਕਾਰੋਬਾਰੀ ਅਦਾਰਿਆਂ ਉਪਰ ਮਾਰੇ ਜਾ ਰਹੇ ਛਾਪਿਆਂ ਕਾਰਨ ਡਰ ਤੇ ਸਹਿਮ ਦਾ ਮਾਹੌਲ ਬਣ ਗਿਆ ਹੈ। ਛਾਪੇਮਾਰੀ ਕਾਰਨ ਕਈ ਕਾਰੋਬਾਰੀ ਅਦਾਰੇ ਬੰਦ ਹੋ ਗਏ ਹਨ।ਇਮੀਗ੍ਰੇਸ਼ਨ ਅਧਿਕਾਰੀਆਂ ਨੇ ਬਹੁਤ ਸਾਰੇ ਪ੍ਰਵਾਸੀਆਂ ਨੂੰ ਹਿਰਾਸਤ ਵਿਚ ਲਿਆ ਹੈ। ਅਸਿਸਟੈਂਟ ਹੋਮਲੈਂਡ ਸਕਿਉਰਿਟੀ ਸਕੱਤਰ ਟਰੀਸੀਆ ਮੈਕਲੌਘਲਿਨ ਨੇ ਇੱਕ ਬਿਆਨ ਵਿਚ ਕਿਹਾ ਹੈ ਕਿ "ਅਮਰੀਕੀ ਲੋਕ ਗੈਰ ਕਾਨੂੰਨੀ ਪ੍ਰਵਾਸੀਆਂ ਦੀ ਹਿੰਸਾ ਤੋਂ ਮੁਕਤ ਹੋਣੇ ਚਾਹੀਦੇ ਹਨ। ਗੈਰ ਕਾਨੂੰਨੀ ਪ੍ਰਵਾਸੀ ਅਮਰੀਕੀਆਂ ਦੇ ਦੁੱਖਾਂ ਦਾ ਕਾਰਨ ਹਨ, ਉਹ ਹਰ ਹਾਲਤ ਵਿਚ ਦੇਸ਼ ਵਿਚੋਂ ਬਾਹਰ ਹੋਣੇ ਚਾਹੀਦੇ ਹਨ।" ਉਨ੍ਹਾਂ ਕਿਹਾ ਕਿ ਅਸੀਂ ਚਾਰਲੋਟੇ ਵਿਚ ਡੀ.ਐੱਚ. ਐੱਸ. ਲਾਅ ਇਨਫੋਰਸਮੈਂਟ ਦੀ ਨਫਰੀ ਵਧਾ ਰਹੇ ਹਾਂ, ਤਾਂ ਜੋ ਅਮਰੀਕੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ ਤੇ ਜਨਤਕ ਸੁਰੱਖਿਆ ਨੂੰ ਦਰਪੇਸ਼ ਖਤਰੇ ਨੂੰ ਖਤਮ ਕੀਤਾ ਜਾ ਸਕੇ। ਮੇਅਰ ਵੀ ਲਾਲਸ ਸਮੇਤ ਸਥਾਨਕ ਅਫਸਰਾਂ ਨੇ ਛਾਪੇਮਾਰੀ ਦੀ ਆਲੋਚਨਾ ਕਰਦਿਆਂ ਕਿਹਾ ਹੈ ਕਿ ਇਸ ਨਾਲ ਬਿਨਾਂ ਕਾਰਨ ਡਰ ਤੇ ਬੇਯਕੀਨੀ ਦਾ ਮਾਹੌਲ ਬਣ ਗਿਆ ਹੈ।ਜਾਰੀ ਬਿਆਨ ਜਿਸ ਉਪਰ ਮੇਅਰ ਤੋਂ ਇਲਾਵਾ ਮੈਕਲਨਬਰਗ ਕਾਊਂਟੀ ਕਮਿਸ਼ਨਰ ਮਾਰਕ ਜੇਰੇਲ ਦੇ ਵੀ ਦਸਤਖਤ ਹਨ, ਵਿਚ ਕਿਹਾ ਹੈ ਕਿ "ਅਸੀਂ ਚਾਰਲੋਟੇ ਤੇ ਮੈਕਲਨਬਰਗ ਕਾਊਂਟੀ ਦੇ ਲੋਕਾਂ ਨੂੰ ਦੱਸਣਾ ਚਹੁੰਦੇ ਹਾਂ ਕਿ ਅਸੀਂ ਉਨ੍ਹਾਂ ਦੇ ਨਾਲ ਹਾਂ, ਜੋ ਕੇਵਲ ਰੋਜ਼ੀ ਰੋਟੀ ਕਮਾਉਣ ਲਈ ਕੰਮਾਂ ਕਾਰਾਂ 'ਤੇ ਜਾਂਦੇ ਹਨ।"


ਗੁਰੂ ਨਾਨਕ ਗੁਰਸਿੱਖ ਗੁਰਦੁਆਰਾ

ਲਿੰਡਨ (ਬੈਲਿੰਗਹੈਮ), WA (ਯੂ.ਐਸ.ਏ) (USA)

176 E Pole Road / 6934 Meridian St — Lynden, WA. 98264 (Bellingham)



21 ਨਵੰਬਰ ਦਿਨ ਸ਼ੁੱਕਰਵਾਰ ਲਖਵਿੰਦਰ ਸਿੰਘ ਭੱਚੂ ਅਤੇ ਸੇਵਕ ਪਰਿਵਾਰਾਂ ਵੱਲੋਂ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਦੇ ਸਬੰਧ ਵਿਚ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 23 ਨਵੰਬਰ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ ਅਤੇ ਲੰਗਰਾਂ ਦੀ ਸੇਵਾ ਹੋਵੇਗੀ

ਮੁੱਖ ਸੇਵਾਦਾਰ:ਪਰਮਜੀਤ ਸਿੰਘ ਕੁਲਾਰ: 360-733-6444, ਮੁੱਖ ਵਜ਼ੀਰ ਗਿਆਨੀ ਹਰੀ ਸਿੰਘ ਜੀ 360-398-1184

ਵੱਲੋਂ:ਗੁ. ਪ੍ਰਬੰਧਕ ਕਮੇਟੀ ਤੇ ਸਮੂੰਹ ਇਲਾਕਾ ਨਿਵਾਸੀ

# ਟਰੰਪ ਨੇ ਸਾਊਦੀ ਸ਼ਹਿਜ਼ਾਦੇ ਦਾ ਬਚਾਅ ਕਰਦਿਆਂ ਅਮਰੀਕੀ ਖੁਫੀਆ ਰਿਪੋਰਟ ਨੂੰ ਨਕਾਰਿਆ

## ਅਮਰੀਕੀ ਰਾਸ਼ਟਰਪਤੀ ਨੇ ਪੱਤਰਕਾਰ ਜਮਾਲ ਖਸ਼ੋਗੀ ਨੂੰ 'ਬਹੁਤ ਜ਼ਿਆਦਾ ਵਿਵਾਦਪੂਰਨ' ਕਿਹਾ



ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੰਗਲਵਾਰ ਨੂੰ ਅਮਰੀਕੀ ਖੁਫੀਆ ਏਜੰਸੀਆਂ ਦੇ ਉਨ੍ਹਾਂ ਨਤੀਜਿਆਂ ਨੂੰ ਖਾਰਜ ਕਰ ਦਿੱਤਾ, ਜਿਨ੍ਹਾਂ ਵਿਚ ਕਿਹਾ ਗਿਆ ਸੀ ਕਿ 2018 ਵਿਚ ਵਾਸ਼ਿੰਗਟਨ ਪੋਸਟ ਦੇ ਪੱਤਰਕਾਰ ਜਮਾਲ ਖਸ਼ੋਗੀ ਦੇ ਕਤਲ ਵਿਚ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ (ਐੱਮ.ਬੀ.ਐੱਸ.) ਦਾ ਕੁਝ ਹੱਦ ਤੱਕ ਹੱਥ ਹੋ ਸਕਦਾ ਹੈ। ਟਰੰਪ ਨੇ ਸਾਊਦੀ ਅਰਬ ਦੇ ਅਸਲ ਸ਼ਾਸਕ (ਕ੍ਰਾਊਨ ਪ੍ਰਿੰਸ) ਦਾ ਸੱਤ ਸਾਲਾਂ ਵਿਚ ਵ੍ਹਾਈਟ ਹਾਊਸ ਦੀ ਪਹਿਲੀ ਫੇਰੀ ਦੌਰਾਨ ਗਰਮਜੋਸ਼ੀ ਨਾਲ ਸਵਾਗਤ ਕਰਦਿਆਂ ਇਹ ਗੱਲ ਕਹੀ। ਸਾਊਦੀ ਦੇ ਸ਼ਾਹੀ ਪਰਿਵਾਰ ਦੇ ਸਖ਼ਤ ਆਲੋਚਕ ਰਹੇ ਖਸ਼ੋਗੀ ਦੇ ਕਤਲ ਦੇ ਅਪ੍ਰੇਸ਼ਨ ਕਾਰਨ ਅਮਰੀਕਾ-ਸਾਊਦੀ ਰਿਸ਼ਤਿਆਂ ਵਿਚ ਕਾਫੀ ਗਿਰਾਵਟ ਆ ਗਈ ਸੀ। ਪਰ ਸੱਤ ਸਾਲਾਂ ਬਾਅਦ ਇਹ ਕਾਲੇ ਬੱਦਲ ਹਟ ਗਏ ਹਨ। ਟਰੰਪ 40 ਸਾਲਾ ਕ੍ਰਾਊਨ ਪ੍ਰਿੰਸ ਨਾਲ ਆਪਣੀ ਨੇੜਤਾ ਵਧਾ ਰਹੇ ਹਨ ਅਤੇ ਉਨ੍ਹਾਂ ਨੇ ਪ੍ਰਿੰਸ ਨੂੰ ਆਉਣ ਵਾਲੇ ਦਹਾਕਿਆਂ ਵਿਚ ਮੱਧ ਪੂਰਬ ਨੂੰ ਆਕਾਰ ਦੇਣ ਲਈ ਇਕ ਅਹਿਮ ਖਿਡਾਰੀ ਦੱਸਿਆ ਹੈ।

ਟਰੰਪ ਨੇ ਕ੍ਰਾਊਨ ਪ੍ਰਿੰਸ ਦਾ ਬਚਾਅ ਕਰਦਿਆਂ ਖਸ਼ੋਗੀ ਨੂੰ 'ਬਹੁਤ ਜ਼ਿਆਦਾ ਵਿਵਾਦਪੂਰਨ' ਵਿਅਕਤੀ ਦੱਸਿਆ ਅਤੇ ਕਿਹਾ ਕਿ ਬਹੁਤ ਸਾਰੇ ਲੋਕ ਉਸ ਸੱਜਣ ਨੂੰ ਪਸੰਦ ਨਹੀਂ ਕਰਦੇ ਸਨ। ਦੂਜੇ ਪਾਸੇ ਪ੍ਰਿੰਸ ਮੁਹੰਮਦ ਨੇ ਖਸ਼ੋਗੀ (ਜੋ ਸਾਊਦੀ ਨਾਗਰਿਕ ਸਨ ਅਤੇ ਵਰਜੀਨੀਆ ਵਿਚ ਰਹਿੰਦੇ ਸਨ) ਦੇ ਕਤਲ ਵਿਚ ਸ਼ਾਮਲ ਹੋਣ ਤੋਂ ਇਨਕਾਰ ਕੀਤਾ ਹੈ। ਟਰੰਪ ਨੇ ਓਵਲ ਆਫਿਸ ਵਿਚ ਪ੍ਰਿੰਸ ਮੁਹੰਮਦ ਦੇ ਨਾਲ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ, "ਭਾਵੇਂ ਤੁਸੀਂ ਉਸ ਨੂੰ (ਖਸ਼ੋਗੀ ਨੂੰ) ਪਸੰਦ ਕਰਦੇ ਸੀ ਜਾਂ ਨਹੀਂ, ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ। ਪਰ ਪ੍ਰਿੰਸ ਨੂੰ ਇਸ ਬਾਰੇ ਕੁਝ ਨਹੀਂ ਪਤਾ ਸੀ। ਸਾਨੂੰ ਇਹ ਮਾਮਲਾ ਇਥੇ ਹੀ ਛੱਡ ਦੇਣਾ ਚਾਹੀਦਾ ਹੈ। ਤੁਹਾਨੂੰ ਅਜਿਹੇ ਸਵਾਲ ਪੁੱਛ ਕੇ ਸਾਡੇ ਮਹਿਮਾਨ ਨੂੰ ਸ਼ਰਮਿੰਦਾ ਨਹੀਂ ਕਰਨਾ ਚਾਹੀਦਾ।"

ਹਾਲਾਂਕਿ, ਬਾਇਡਨ ਪ੍ਰਸ਼ਾਸਨ ਵੱਲੋਂ 2021 'ਚ ਜਨਤਕ ਕੀਤੀ ਗਈ ਇਕ ਰਿਪੋਰਟ ਅਨੁਸਾਰ ਅਮਰੀਕੀ ਖੁਫੀਆ ਅਧਿਕਾਰੀਆਂ ਨੇ ਇਹ ਸਿੱਟਾ ਕੱਢਿਆ ਸੀ ਕਿ ਸਾਊਦੀ ਕ੍ਰਾਊਨ ਪ੍ਰਿੰਸ ਨੇ ਇਸਤਾਂਬੁਲ ਵਿਚ ਸਾਊਦੀ ਕੌਂਸੁਲੇਟ ਦੇ ਅੰਦਰ ਪੱਤਰਕਾਰ ਦੇ ਕਤਲ ਨੂੰ ਸੰਭਾਵਿਤ ਤੌਰ 'ਤੇ ਮਨਜ਼ੂਰੀ ਦਿੱਤੀ ਸੀ। ਟਰੰਪ ਦੇ ਅਧਿਕਾਰੀਆਂ ਨੇ ਆਪਣੇ ਪਹਿਲੇ ਕਾਰਜਕਾਲ ਦੌਰਾਨ ਇਸ ਰਿਪੋਰਟ ਨੂੰ ਜਾਰੀ ਕਰਨ ਤੋਂ ਇਨਕਾਰ ਕਰ ਦਿੱਤਾ ਸੀ।


# ਅਮਰੀਕੀ ਰਿਪੋਰਟ ਵਿੱਚ ਦਾਅਵਾ

## ਭਾਰਤ ਨਾਲ ਫੌਜੀ ਟਕਰਾਅ ਵਿੱਚ ਪਾਕਿਸਤਾਨ ਰਿਹਾ ਭਾਰੂ



ਵਾਸ਼ਿੰਗਟਨ:-ਅਮਰੀਕੀ ਕਾਂਗਰਸ ਵਿੱਚ ਦਾਖ਼ਲ ਕੀਤੀ ਗਈ ਇੱਕ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਸ ਸਾਲ ਮਈ ਵਿੱਚ ਭਾਰਤ ਨਾਲ ਟਕਰਾਅ ਵਿੱਚ 'ਪਾਕਿਸਤਾਨ ਦਾ ਪਾਸਾ ਭਾਰੀ ਸੀ' ਅਤੇ ਚੀਨ ਨੇ ਇਸ ਟਕਰਾਅ ਦਾ ਫਾਇਦਾ ਉਠਾਉਂਦਿਆਂ ਹੋਇਆਂ 'ਆਪਣੇ ਹਥਿਆਰਾਂ ਦੀ ਪ੍ਰੀਖਣ ਅਤੇ ਪ੍ਰਚਾਰ' ਕੀਤਾ। ਹਾਲਾਂਕਿ, ਚਾਰ ਦਿਨਾਂ ਦੇ ਟਕਰਾਅ ਦੌਰਾਨ, ਭਾਰਤ ਨੇ ਦਾਅਵਾ ਕੀਤਾ ਸੀ ਕਿ ਉਸ ਨੇ ਪਾਕਿਸਤਾਨ ਦੀਆਂ ਸਰਹੱਦਾਂ ਦੇ ਅੰਦਰ ਕਈ 'ਅੱਤਵਾਦੀ ਬੁਨਿਆਦੀ ਢਾਂਚਿਆਂ ਨੂੰ ਤਬਾਹ' ਕੀਤਾ ਅਤੇ ਭਾਰਤੀ ਫੌਜ ਨੇ ਫੌਜੀ ਟਕਰਾਅ ਵਿੱਚ 'ਸਫ਼ਲਤਾ' ਹਾਸਿਲ ਕੀਤੀ। ਅਮਰੀਕਾ-ਚੀਨ ਇਕੋਨਾਮਿਕ ਐਂਡ ਸਿਕਿਓਰਿਟੀ ਰੀਵਿਊ ਕਮਿਸ਼ਨ (ਯੂਐੱਸਸੀਸੀ) ਦੀ ਰਿਪੋਰਟ, ਦੇ ਪੰਨੇ 108 ਅਤੇ 109 'ਤੇ ਇਹ ਵੀ ਕਿਹਾ ਗਿਆ ਹੈ ਕਿ ਚੀਨ ਨੇ ਫਰਜ਼ੀ ਸੋਸ਼ਲ ਮੀਡੀਆ ਅਕਾਊਂਟ ਅਤੇ ਏਆਈ ਨਾਲ ਤਿਆਰ ਕੀਤੀਆਂ ਤਸਵੀਰਾਂ ਸਹਾਰੇ ਇੱਕ 'ਮਾੜੇ ਪ੍ਰਚਾਰ ਦੀ ਮੁਹਿੰਮ' ਚਲਾਈ ਤਾਂ ਜੋ ਫਰਾਂਸੀਸੀ ਰਾਫੇਲ ਜਹਾਜ਼ਾਂ ਨੂੰ "ਬਦਨਾਮ" ਕੀਤਾ ਜਾ ਸਕੇ ਅਤੇ ਉਸ ਦੇ ਆਪਣੇ ਜੇ-35 ਲੜਾਕੂ ਜਹਾਜ਼ਾਂ ਨੂੰ 'ਉਤਸ਼ਾਹ' ਮਿਲੇ। ਰਿਪੋਰਟ ਵਿੱਚ ਇੱਕ ਥਾਂ 'ਤੇ ਇਹ ਵੀ ਕਿਹਾ ਗਿਆ ਹੈ ਕਿ "ਪਾਕਿਸਤਾਨੀ ਫੌਜ ਦੀ ਚਾਰ ਦਿਨਾਂ ਦੇ ਸੰਘਰਸ਼ ਦੌਰਾਨ ਭਾਰਤ 'ਤੇ ਹਾਸਿਲ ਕੀਤੀ ਸਫ਼ਲਤਾ ਵਿੱਚ ਚੀਨ ਦੇ ਹਥਿਆਰਾਂ ਦੀ ਭੂਮਿਕਾ ਨਜ਼ਰ ਆਈ।"ਰਿਪੋਰਟ ਆਉਣ ਤੋਂ ਬਾਅਦ ਭਾਰਤ ਵਿੱਚ ਵੀ ਪ੍ਰਤੀਕਿਰਿਆਵਾਂ ਦੇਖਣ ਨੂੰ ਮਿਲ ਰਹੀਆਂ ਹਨ। ਵਿਰੋਧੀ ਕਾਂਗਰਸ ਪਾਰਟੀ ਨੇ ਇਸ ਨੂੰ ਭਾਰਤ ਦੀ ਕੂਟਨੀਤੀ ਲਈ ਇੱਕ ਗੰਭੀਰ ਝਟਕਾ ਦੱਸਿਆ ਹੈ। ਇਸ ਦੌਰਾਨ, ਭਾਜਪਾ ਨੇ ਅਸਿੱਧੇ ਤੌਰ 'ਤੇ ਵਿਰੋਧੀ ਧਿਰ ਨੂੰ ਨਿਸ਼ਾਨਾ ਬਣਾਇਆ ਹੈ।

# ਹਰਿਆਣਾ ਦਾ ਗੈਂਗਸਟਰ ਨੋਨੀ ਰਾਣਾ ਅਮਰੀਕਾ 'ਚ ਗ੍ਰਿਫ਼ਤਾਰ



ਯਮੁਨਾਨਗਰ- ਹਰਿਆਣਾ ਦਾ ਬਦਨਾਮ ਅਤੇ ਮੋਸਟ ਵਾਂਟਿਡ ਗੈਂਗਸਟਰ ਨੋਨੀ ਰਾਣਾ ਆਖ਼ਿਰਕਾਰ ਅਮਰੀਕਾ 'ਚ ਪੁਲਸ ਦੇ ਹੱਥੇ ਚੜ੍ਹ ਗਿਆ ਹੈ। ਸ਼ੁਰੂਆਤੀ ਰਿਪੋਰਟਾਂ ਅਨੁਸਾਰ ਨੋਨੀ ਰਾਣਾ ਨੂੰ ਅਮਰੀਕਾ, ਕੈਨੇਡਾ ਦੇ ਨਾਇਗਰਾ ਬਾਰਡਰ ਤੋਂ ਹਿਰਾਸਤ 'ਚ ਲਿਆ ਗਿਆ, ਜਿੱਥੇ ਉਹ ਜਾਅਲੀ ਪਾਸਪੋਰਟ ਦੀ ਵਰਤੋਂ ਕਰ ਕੇ ਕੈਨੇਡਾ ਭੱਜਣ ਦੀ ਕੋਸ਼ਿਸ਼ 'ਚ ਸੀ। ਸੂਤਰਾਂ ਮੁਤਾਬਕ ਅਮਰੀਕੀ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਉਸ ਦੇ ਯਾਤਰਾ ਦਸਤਾਵੇਜ਼ਾਂ 'ਤੇ ਸ਼ੱਕ ਹੋਇਆ। ਪੁੱਛਗਿੱਛ ਦੌਰਾਨ ਉਸ ਨੇ ਪਛਾਣ ਲੁਕਾਉਣ ਦੀ ਕੋਸ਼ਿਸ਼ ਕੀਤੀ ਪਰ ਡੂੰਘਾਈ ਨਾਲ ਜਾਂਚ ਤੋਂ ਬਾਅਦ ਉਸ ਦੀ ਸਹੀ ਪਛਾਣ ਦੀ ਪੁਸ਼ਟੀ ਹੋਈ ਅਤੇ ਉਸ ਨੂੰ ਤੁਰੰਤ ਹਿਰਾਸਤ 'ਚ ਲੈ ਲਿਆ ਗਿਆ। ਹਰਿਆਣਾ ਪੁਲਸ ਦੀ ਸੀ. ਆਈ. ਏ. ਟੀਮ ਨੇ ਵੀ ਉਸ ਦੀ ਗ੍ਰਿਫ਼ਤਾਰੀ ਦੀ ਪੁਸ਼ਟੀ ਕੀਤੀ ਹੈ। ਹੁਣ ਅਮਰੀਕੀ ਅਧਿਕਾਰੀਆਂ ਨਾਲ ਗੱਲਬਾਤ ਤੋਂ ਬਾਅਦ ਭਾਰਤ ਵੱਲੋਂ ਉਸ ਦੀ ਕਸਟਡੀ ਲੈਣ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ। ਮੰਨਿਆ ਜਾ ਰਿਹਾ ਹੈ ਕਿ ਛੇਤੀ ਹੀ ਉਸ ਦੇ ਦੇਸ਼-ਨਿਕਾਲੇ ਜਾਂ ਹਵਾਲਗੀ 'ਤੇ ਫੈਸਲਾ ਹੋ ਸਕਦਾ ਹੈ। ਨੋਨੀ ਰਾਣਾ 'ਤੇ ਹੱਤਿਆ, ਹੱਤਿਆ ਦੀ ਕੋਸ਼ਿਸ਼, ਫਿਰੌਤੀ, ਗੈਂਗਵਾਰ ਸਮੇਤ ਲੱਗਭਗ 30 ਗੰਭੀਰ ਮਾਮਲੇ ਹਰਿਆਣਾ 'ਚ ਦਰਜ ਹਨ। ਪੁਲਸ ਰਿਕਾਰਡ ਅਨੁਸਾਰ ਉਹ ਵਿਦੇਸ਼ 'ਚ ਬੈਠ ਕੇ ਹਰਿਆਣਾ ਦੇ ਯਮੁਨਾਨਗਰ ਸਮੇਤ ਕਈ ਜ਼ਿਲਿਆਂ 'ਚ ਕਾਰੋਬਾਰੀਆਂ ਅਤੇ ਸ਼ਰਾਬ ਠੇਕੇਦਾਰਾਂ ਤੋਂ ਵ੍ਹਟਸਐਪ ਕਾਲ ਅਤੇ ਵੁਆਇਸ ਮੈਸੇਜ ਰਾਹੀਂ ਫਿਰੌਤੀ ਮੰਗਦਾ ਸੀ। ਇਸ ਗਰੋਹ ਨੇ ਪਿਛਲੇ ਸਾਲ ਰਾਦੌਰ ਦੇ ਖੇੜੀ ਲੱਖਾ ਸਿੰਘ ਤੀਹਰਾ ਹੱਤਿਆਕਾਂਡ ਨੂੰ ਵੀ ਅੰਜਾਮ ਦਿੱਤਾ ਸੀ, ਪੁਲਸ ਮੁਤਾਬਕ ਜਿਸ ਦਾ ਮਾਸਟਰਮਾਈਂਡ ਨੋਨੀ ਰਾਣਾ ਹੀ ਸੀ।






Over 30 Years of Industry Experience

# MULTANI LAW GROUP

ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ



Gerald F. Robison
Senior Attorney

MULTANI LAW GROUP

Jashan Multani
206-243-4219



Jashan Multani
Associate Partner

## ਅਸੀਂ ਭਰੋਸੇਯੋਗ ਕਾਨੂੰਨੀ ਸਲਾਹ ਪ੍ਰਦਾਨ ਕਰਦੇ ਹਾਂ

**Services we provide:**

- Immigration/Political Asylum U-Visa, Vawa,
-SIJ Guardianship Cases
- Car Accidents/Personal Injury
- Evictions

**ਅਸੀਂ ਇਹ ਸੇਵਾਵਾਂ ਪ੍ਰਦਾਨ ਕਰਦੇ ਹਾਂ**

-ਇੰਮੀਗਰੇਸ਼ਨ/ਪੁਲਿਟੀਕਲ ਅਸਾਈਲਮ, ਯੂ-ਵੀਜਾ, ਵਾਅਵਾ,
-SIJ ਗਾਰਡੀਅਨਸ਼ਿਪ ਕੇਸ
-ਕਾਰ ਐਕਸੀਡੈਂਟ/ਪ੍ਰਸਨਲ ਇਨਜਰੀ
-ਕਿਰਾਏਦਾਰ ਕੱਢਣਾ

Website:multanilawgroup.com
Email:Jashan@multanilawgroup.com

*Add: 512 West Meeker St, Kent, WA 98032*

ਸਿਆਟਲ ਨਿਵਾਸੀਆਂ ਦਾ ਜਾਨਿਆਂ ਪਹਿਚਾਨਿਆਂ ਤੇ ਭਰੋਸੇਮੰਦ

# USA TRAVEL

## FLY from Seattle to India

We Represent All Major Airlines

TURKISH AIRLINES

QATAR AIRWAYS القطرية

DELTA

Emirates

Lufthansa



Lowest Fare Guaranteed

We will beat any fare given in Kent/Seattle Area by Any Travel Agency

24 Hr Emergency
Call Amit Juneja: 206-992-2724



*Now 2 Locations To Serve You*

23609 104th Ave SE #101, Kent WA 98031
Ph: 253-867-0450 | 253-867-0451
1729 208th St Suite #202, Bothell WA 98012
Ph: 425-420-1888 | 425-420-1889
Email: info@usatravelguru.com
Website: www.usatravelguru.com

*India Special FARES*

USA Travel Services is your one-stop shop for all of your travel needs.

- Power of Attorney,
- Affidavits, Passports,
- Renunciations
- OCI • Notary Public •
- Translation - Hindi / Punjabi
- Uk & India Online Visa Available

- ਮੁਖਤਿਆਰਨਾਮਾ,
- ਐਫੀਡੈਵਿਟ, ਪਾਸਪੋਰਟ,
- ਓ.ਸੀ.ਆਈ.
- ਨੋਟਰੀ ਪਬਲਿਕ
- ਪੰਜਾਬੀ ਇੰਗਲਿਸ਼ ਦੀ ਟ੍ਰਾਂਸਲੇਸ਼ਨ
- ਇੰਡੀਆ ਦਾ ਵੀਜ਼ਾ ਅਤੇ ਪਾਸਪੋਰਟ ਬਣਵਾਉ






OPEN 6 DAYS A WEEK,
TUESDAY CLOSED

OPENING HOURS
Lunch hours from 11am -2:30pm
Dinner Hours from 5pm-9pm, Last Seating is 8:30pm

The Only True Punjabi (Indian) Vegetarian In Renton

← New Pabla Ready To Eat Frozen Cuisine Available →
Renton Location has Full Grocery Store & Sweet Shop
East Indian Spices, Dairy Products,
ਤੁਸੀਂ ਇਥੋਂ ਤਾਜਾ ਸਵਾਦਲੀਆਂ ਮਠਿਆਈਆਂ ਖਰੀਦ ਸਕਦੇ ਹੋ



ਪਾਬਲਾ ਇੰਡੀਅਨ ਕੁਜ਼ੀਨ ਦੀ ਰੈਂਟਨ ਵਾਲੀ ਲੋਕੇਸ਼ਨ ਤੋਂ ਤੁਸੀਂ ਹਰ ਤਰ੍ਹਾਂ ਦੀ ਭਾਰਤੀ ਗਰੋਸਰੀ, ਮਿਠਾਈ, ਇੰਡੀਅਨ ਮਸਾਲੇ ਡੇਅਰੀ ਲੈ ਸਕਦੇ ਹੋ।


# Pabla Indian Cuisine

Phone: 425-228-4625 Fax: 425-228-4629
Serving Washington for 27 years.
www.pablacuisine.com
pablacuisine@gmail.com



# PABLA PUNJABI PALACE

2nd Location Now Open in Federal Way, WA
2020 S 314th St, Federal Way, WA 98003 (Hillside Plaza)
• Marriage Parties • Birthday Parties • Mehndi Parties • Business Meetings • Any Kind Of Functions
Specials: Take out 7 Days a week
DJ, Dance Floor, Catering for
All Occasions, Big TV Screens & Family Atmosphere
Seating for 1200 people




ਹੁਣ ਤੁਸੀਂ ਇਸ ਲੋਕੇਸ਼ਨ ਤੋਂ ਇੰਡੀਅਨ ਗਰੌਸਰੀ ਅਤੇ ਮਠਿਆਈਆਂ ਵੀ ਲੈ ਸਕਦੇ ਹੋ
For booking your event Please call Jas pabla At
Ph: 206-769-5559 Email: pablajas@yahoo.com



# PIZZA STATION

15300 33rd Ave S. Suite130, Seatac WA

10% Off All Orders
ਇਥੋਂ ਤੁਸੀਂ ਤਾਜੇ ਅਦਰਕ ਧਨੀਏ ਵਾਲੇ ਪੀਜੇ ਦੇ ਨਾਲ-ਨਾਲ ਭਾਰਤੀ ਗਰੌਸਰੀ ਵੀ ਬਹੁਤ ਘੱਟ ਕੀਮਤਾਂ ਤੇ ਖਰੀਦ ਸਕਦੇ ਹੋ।



PH:206-644-4133
Sun to Thurs: 10 am-10 pm
Fri/Sat: 10 am to 11pm
Email:info@pizzastationwa.com



# Boulevard Market



ਇੰਡੀਅਨ ਗਰੌਸਰੀ ਅਤੇ ਤਾਜੀਆਂ ਸਬਜੀਆਂ/ਫਲਾਂ ਦਾ ਸਟੋਰ ਜਿੱਥੋਂ ਤੁਸੀਂ ਸਭ ਤੋਂ ਘੱਟ ਕੀਮਤਾਂ ਤੇ ਬਹੁਤ ਹੀ ਸਾਫ ਸੁਥਰੀਆਂ ਦਾਲਾਂ ਅਤੇ ਤਾਜੀਆਂ ਸਬਜੀਆਂ, ਹਰ ਪ੍ਰਕਾਰ ਦੀ ਗਰੌਸਰੀ ਖਰੀਦ ਸਕਦੇ ਹੋ, ਸਬਜੀਆਂ ਤੇ ਫਲ ਫਰੂਟ ਹਰ ਰੋਜ ਤਾਜੇ ਮੰਗਵਾਏ ਜਾਂਦੇ ਹਨ।

Opening Hours: 9 am to 9 pm (7Days Week)
PH:206-644-4010



# Space Available for your Ad

ਪੰਜਾਬ ਗਾਰਡੀਅਨ ਨਾਲ
ਐਡ ਪਾਉ ਅਤੇ ਆਪਣਾ
ਬਿਜ਼ਨਸ ਵਧਾਓ



ਪੰਜਾਬ ਗਾਰਡੀਅਨ
PUNJAB GUARDIAN
www.punjabguardian.com

Call to Advertise 604-590-5200



# TEAM ARMY

## REAL ESTATE

Specialties:Buyers's Agent
Listing Agent-Short Sale
*RESIDENTIAL *COMMERCIAL
ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਹਮੇਸ਼ਾਂ ਯਾਦ ਰੱਖੋ।

## MORTGAGE

Specialties:Loan Specialist
Many Financing Options Available
*RESIDENTIAL *COMMERCIAL
ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਰੀਫਾਇਨੈਂਸਿੰਗ ਲਈ ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਯਾਦ ਰੱਖੋ

Maj Parminder (Pari) Mann
Ex Indian Army
SKYLINE PROPERTIES, INC
Cell:425-499-9704
email:parimann@gmail.com





Col Navtej Nijjar
NMLS 1484258
LA Financial Services
Cell:206-334-4035
email:nijjar.n@gmail.com

JAG'S PIZZA

ਇੰਡੀਅਨ ਸਟਾਈਲ ਪੀਜ਼ਾ
ਮੈਰਿਸਵੈੱਲ ਵਿਚ
ਜਿੱਥੇ ਤੁਹਾਡੇ ਸਵਾਦ ਅਨੁਸਾਰ ਵਧੀਆ
ਅਦਰਕ ਧਨੀਆ ਵਾਲੇ ਮਸਾਲੇਦਾਰ ਤੰਦੂਰੀ ਚਿਕਨ,
ਬਟਰ ਚਿਕਨ, ਕੜਾਹੀ ਚਿਕਨ, ਸ਼ਾਹੀ ਪਨੀਰ,
ਤੰਦੂਰੀ ਪਨੀਰ, ਕੜਾਹੀ ਪਨੀਰ ਅਤੇ ਹਰ ਤਰ੍ਹਾਂ ਦੇ ਵੈਜੀਟੇਰੀਅਨ ਪੀਜ਼ੇ ਬਣਾਏ ਜਾਂਦੇ ਹਨ

PH:360-386-9508
5830 B, Grove St, Marysville, WA
(Inside Shell Gas Station Plaza)
www.jagspizza.com
OPEN 7 DAYS A WEEK SUNDAY TO THURSDAY:11AM TO 10PM
FRIDAY & SATURDAY:11AM TO 11.30PM

NEW CENTURY TRANSPORT LLC

WE ARE URGENTLY HIRING TEAMS TO RUN FROM WASHINTON TO CALIFORNIA

- Dedicated, steady, year-round work
- Drop and hooks lanes
- 100% no-touch freight
- Mostly light loads
- Payment 15th & 31st directly into your bank
- Up to dollar off per gallon fuel discounts
- Monthly safety bonuses & training



Apply online or call us now at :
www.nctrans.net/owner-operator.php
Call: 206-858-8490

AUBURN'S MAIN SUPERMARKET
INDIAN GROCERIES-LIQUOR-WINE
1119E Main St. Auburn, WA 98002
Store hours: Mon-Sat: 8:00 AM - 10:00 PM Sun: 8:00 AM - 9:00 PM
Lowest Prices in Town WIDE VARIETY OF FROZEN FOOD
When you spend $50 or more,get 5% discount
When you spend $100 or more,get 10% discount Discount only apply to Indian Grocery



Apple Farm Paneer $3.99/Lb





FREE PANI-PURI FRI-SUN (12PM 5PM) ONLY 4 Pani Puri/CUSTOMER



ALL KINDS OF HOUSEHOLD UTENSILS (BARTAN) AVAILABLE
BLANKETS ARE ALSO AVAILABILE IN KING, QUEEN, TWIN SIZES
Fresh SugarCane Juice Everyday
Ph:253-249-7430, Cell:253-205-9981
www.auburnsmainsupermarket.com *All prices are marked down

Ready to grow your business?
Count on us for solutions.



Gifty Singh
Bellevue
400 112th Ave NE
206–909–5226
BANNER BANK
bannerbank.com Member FDIC

HG TAX AND ACCOUNTING
25228 104th AVE SE Suite 103 Kent, WA 98030
IT'S TIME TO SAVE ON YOUR TAXES
OPEN M-F: 10 AM to 6 PM
SAT: 11 AM to 4 PM
SUN: By Appointment



Harpreet Singh, J.D. (253) 202-4516

WEST CAPITAL LENDING
YOUR PREFFERRED LOCAL LENDER
- ਪੰਜਾਬੀ ਕਮਿਊਨਿਟੀ ਲਈ ਬੇਹਤਰ ਸੇਵਾਵਾਂ
- ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਮੱਦਦ
- ਗੈਸ ਸਟੇਸ਼ਨ, ਹੋਟਲ, ਮੋਟਲ, ਰੈਸਟੋਰੈਂਟਾਂ ਤੇ ਹੋਰ ਛੋਟੇ ਬਿਜ਼ਨਸਾਂ ਲਈ ਵੀ ਅਸੀਂ ਮੌਰਗੇਜ ਦਾ ਪ੍ਰਬੰਧ ਕਰਦੇ ਹਾਂ

-CONVENTIONAL -FHA -VA Loans -30YR/15YR/10YR FIXED -DSCR -P&L -30 DAY SOFR ARM -1099 PROGRAM -7/6 SOFR ARMS -LOT/CUSTOM CONSTRUCTION LOAN AVAILABLE -24/12 BANK STATEMENT LOANS



ਮੌਰਗੇਜ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਮੱਦਦ ਜਾਂ ਜਾਣਕਾਰੀ ਲੈਣ ਲਈ ਮੇਰੇ ਨਾਲ ਸੰਪਰਕ ਕਰੋ
ਘੱਟ ਰੇਟਾਂ ਦੀ ਗਰੰਟੀ
KESSHAV SHARMA
BRANCH MANAGER
WEST CAPITAL LENDING
Call/text (425) 239-4517
ksharma@westcapitallending.com
westcapitallending.com
NMLS# 2468293 I NMLS# 1566096 I DRE# 02022356
24 Executive Park, Ste 250 Irvine, CA 92614

LANCER TRUCKING LLC
21307-116TH AVE SE, KENT, WA 98031-2206
Running all across United States



Privately owned transportation company that specialized in truckload, less than truckload (LTL) and expedited service with the most competitive rates, quality service. Let us handle your load.
Ph:206-849-1313

ਵਾਸ਼ਿੰਗਟਨ ਦਾ ਸਭ ਤੋਂ ਵੱਡਾ ਇੰਡੀਅਨ ਗਰੌਸਰੀ ਸਟੋਰ
ਇਥੋਂ ਤੁਸੀਂ ਹਰ ਤਰ੍ਹਾਂ ਦੀ ਇੰਡੀਅਨ, ਨੇਪਾਲੀ, ਫਿਜੀ, ਮਿਡਲ ਈਸਟਰਨ, ਏਸ਼ੀਅਨ ਗਰੌਸਰੀ ਲੈ ਸਕਦੇ ਹੋ
GROCERY SINGH
SAT SRI AKAL
LIQUOR - WINE BEER AVAILABLE



ਇੱਥੇ ਫਰੈੱਸ਼ ਪ੍ਰੋਡਿਊਸ, ਮੀਟ, ਮਠਿਆਈਆਂ ਤੇ ਹੋਰ ਬਹੁਤ ਕੁਝ ਉਪਲਬਧ ਹੈ
We Accept EBT Benefits SNAP
Now HIRING
ਸਾਨੂੰ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ
1825 BROADWAY, EVERETT WA 98201
425-374-7550 / 206-786-0870